ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ
ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਮੰਗਲਵਾਰ, 17 ਮਈ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

R.N.I. Punpun/29016/2008 ✲ ਸਾਲ : 14 ✲ ਅੰਕ : 428 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111




# ਜੂਨ ਮਹੀਨੇ ਤੱਕ ਕੋਵਿਡ ਤੋਂ ਰਾਹਤ ਮਿਲ ਸਕਦੀ ਹੈ ਸ਼ੰਘਾਈ 'ਚ



**ਸੰਘਾਈ/ਲੋਕ ਬਾਣੀ**

ਚੀਨ ਦੇ ਸੰਘਾਈ ਵਿੱਚ ਸੋਮਵਾਰ ਨੂੰ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਗਿਆ ਕਿ ਕੋਵਿਡ ਦੇ ਖਤਰੇ ਦੇ ਮੱਦੇਨਜਰ ਲਗਾਈ ਗਈ ਛੇ ਹਫਤਿਆਂ ਦੀ ਤਾਲਾਬੰਦੀ ਨੂੰ ਖਤਮ ਕਰਕੇ 1 ਜੂਨ ਤੱਕ ਸਥਿਤੀ ਆਮ ਹੋਣ ਦੀ ਸੰਭਾਵਨਾ ਹੈ। ਸੰਘਾਈ ਦੇ ਮੇਅਰ ਜੋਂਗ ਮਿੰਗ ਨੇ ਇੱਕ ਨਿਊਜ ਕਾਨਫਰੰਸ ਵਿਚ ਦੱਸਿਆ ਕਿ ਗਤੀਵਿਧੀਆਂ ਤਿੰਨ ਪੜਾਵਾਂ ਵਿੱਚ ਮੁੜ ਸੁਰੂ ਕੀਤੀਆਂ ਜਾਣਗੀਆਂ। ਸ਼ਿਨਹੂਆ ਨੇ ਮੇਅਰ ਦੇ ਹਵਾਲੇ ਨਾਲ ਕਿਹਾ ਕਿ ਇਨ੍ਹਾਂ ਤਿੰਨ ਪੜਾਵਾਂ ਵਿੱਚ, ਸੰਘਾਈ ਵਿੱਚ ਕੋਵਿਡ ਦੇ ਨਵੇਂ ਮਾਮਲਿਆਂ ਦੀ ਗਿਣਤੀ ਘੱਟ ਜਾਵੇਗੀ, ਹੌਲੀ-ਹੌਲੀ ਪਾਬੰਦੀਸ਼ੁਦਾ ਖੇਤਰਾਂ ਦੀ ਗਿਣਤੀ ਅਤੇ ਪਾਬੰਦੀਸ਼ੁਦਾ ਕੰਟਰੋਲ ਵਾਲੇ ਖੇਤਰਾਂ ਵਿਚ ਇਹਨਾਂ ਭਾਈਚਾਰਿਆਂ ਦੇ ਮੁੜ ਖੁੱਲ੍ਹਣ ਤੱਕ ਮਾਮਲਿਆਂ ਵਿਚ ਕਮੀ ਆਵੇਗੀ। 1 ਜੂਨ ਤੋਂ ਲੈ ਕੇ ਮੱਧ ਜੂਨ ਤੱਕ ਬਿਮਾਰੀ ਦੀ ਰੋਕਥਾਮ ਅਤੇ ਨਿਯੰਤਰਣ ਲਈ ਸਖਤ ਉਪਾਅ ਅਪਣਾਉਣ ਨਾਲ ਜੀਵਨ ਅਤੇ ਉਤਪਾਦਨ ਆਮ ਵਾਂਗ ਹੋ ਜਾਵੇਗਾ।

# ਪੰਜਾਬ 'ਚ ਦਿਨ ਦਿਹਾੜੇ ਹੋਈ ਲੁੱਟ

**ਅੰਮ੍ਰਿਤਸਰ/ਰਾਜਾ ਕੋਟਲੀ:-** ਅੰਮ੍ਰਿਤਸਰ ਜਿ਼ਲ੍ਹੇ 'ਚ ਲੁੱਟ-ਖੋਹ ਦੀਆਂ ਘਟਨਾਵਾਂ ਘੱਟ ਹੋਣ ਦਾ ਨਾਂ ਨਹੀਂ ਲੈ ਰਹੀਆਂ। ਅੰਮ੍ਰਿਤਸਰ 'ਚ ਤਾਜਾ ਮਾਮਲਾ ਸੋਮਵਾਰ ਨੂੰ ਸਹਿਰ ਦੇ ਵੀ.ਆਰ.ਮਾਲ (ਪਹਿਲਾਂ ਟ੍ਰਿਲੀਅਮ ਮਾਲ) ਦਾ ਸਾਹਮਣੇ ਆਇਆ ਹੈ, ਜਿਥੇ ਦੋ ਲੁਟੇਰੇ ਇੱਕ ਹੋਟਲ ਦੇ ਮਾਲਕ ਦੀ ਕਾਰ ਲੁੱਟ ਕੇ ਫਰਾਰ ਹੋ ਗਏ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਲੁੱਟ ਦੀ ਇਹ ਘਟਨਾ ਉਸ ਥਾਂ 'ਤੇ ਵਾਪਰੀ, ਜਿਥੇ ਥੋੜ੍ਹੀ ਦੂਰੀ 'ਤੇ ਹੀ ਪੁਲਸ ਬੂਥ ਬਣਿਆ ਹੋਇਆ ਹੈ। ਲੁੱਟ ਦੀ ਘਟਨਾ ਤੋਂ ਬਾਅਦ ਲੋਕਾਂ ਨੇ ਕਿਹਾ ਕਿ ਇਸ ਬੂਥ 'ਤੇ ਜਿ਼ਆਦਾਤਰ ਸਾਮ ਦੇ ਸਮੇਂ ਹੀ ਪੁਲਸ ਮੁਲਾਜਮ ਤਾਇਨਾਤ ਰਹਿੰਦੇ ਹਨ। ਘਟਨਾ ਦੀ ਜਾਣਕਾਰੀ ਦਿੰਦਿਆਂ ਮਨੀ ਨੇ ਦੱਸਿਆ ਕਿ ਉਸ ਦਾ ਸਟੇਸਨ ਦੇ ਨੇੜੇ ਇੱਕ ਹੋਟਲ ਹੈ। ਉਹ ਸਾਮ 4 ਵਜੇ ਆਪਣੇ ਇੱਕ ਜਾਣਕਾਰ ਦੇ ਦਫਤਰ ਵਿੱਚ ਗੱਲ ਕਰਨ ਲਈ ਆਇਆ ਸੀ। ਇਸ ਦੌਰਾਨ ਉਸ ਦਾ ਡਰਾਈਵਰ ਬਲਬੀਰ ਸਿੰਘ ਉਸ ਦੇ ਨਾਲ ਸੀ। ਡਰਾਈਵਰ ਨੇ ਸਾਨੂੰ ਕਾਰ ਵਿੱਚੋਂ ਹੇਠਾਂ ਉਤਾਰ ਕੇ ਕਾਰ ਛਾਂ ਵਿੱਚ ਖੜ੍ਹੀ ਕਰ ਦਿੱਤੀ ਸੀ। ਉਸ ਨੇ ਦੱਸਿਆ ਕਿ ਦੋ ਨੌਜਵਾਨ ਪੈਦਲ ਆਏ, ਜਿਨ੍ਹਾਂ ਨੇ ਮੂੰਹ 'ਤੇ ਮਾਸਕ ਪਾਏ ਹੋਏ ਸਨ। ਇਨ੍ਹਾਂ ਵਿੱਚੋਂ ਇੱਕ ਸਰਦਾਰ ਸੀ ਅਤੇ ਦੂਜਾ ਮੋਨਾ। ਦੋਵੇਂ ਨੌਜਵਾਨ ਡਰਾਈਵਰ ਬਲਬੀਰ ਸਿੰਘ ਕੋਲ ਆ ਕੇ ਸਰਕਾਰੀ ਦਫਤਰ ਬਾਰੇ ਪੁੱਛਣ ਲੱਗ ਪਏ। ਇਕ ਦੌਰਾਨ ਇਕ ਨੌਜਵਾਨ ਨੇ ਚਲਾਕੀ ਨਾਲ ਇੱਕ ਸਪਰੇਅ ਡਰਾਈਵਰ ਬਲਬੀਰ ਸਿੰਘ ਦੀਆਂ ਅੱਖਾਂ ਵਿੱਚ ਪਾ ਦਿੱਤੀ। ਲੁਟੇਰਿਆਂ ਨੇ ਉਸ ਨੂੰ ਕਾਰ ਤੋਂ ਹੇਠਾਂ ਧੱਕਾ ਦੇ ਦਿੱਤਾ ਅਤੇ ਕਾਰ ਭਜਾ ਕੇ ਲੈ ਗਏ। ਡਰਾਈਵਰ ਨੇ ਨੌਜਵਾਨਾਂ 'ਤੇ ਪੱਥਰ ਮਾਰਿਆ, ਜੋ ਕਾਰ ਦੇ ਅਗਲੇ ਸੀਸੇ 'ਤੇ ਜਾ ਵੱਜਿਆ, ਜਿਸ ਕਾਰਨ ਕਾਰ ਦਾ ਅਗਲਾ ਸੀਸਾ ਟੁੱਟ ਗਿਆ।





## ਇਮਰਾਨ ਖਾਨ, ਅਮਰੀਕਾ ਤੋਂ ਹੋਏ ਖਫਾ

ਪਾਕਿਸਤਾਨ ਵਿਚ ਸੱਤਾ ਖੁੱਸਣ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਲਗਾਤਾਰ ਅਮਰੀਕਾ 'ਤੇ ਨਿਸਾਨਾ ਸਾਧ ਰਹੇ ਹਨ। ਹੁਣ ਇਕ ਵਾਰ ਉਨ੍ਹਾਂ ਨੇ ਅਮਰੀਕਾ ਬਾਰੇ ਵੱਡੀ ਗੱਲ ਕਹੀ ਹੈ। ਇਮਰਾਨ ਖਾਨ ਨੇ ਕਿਹਾ ਕਿ ਅਮਰੀਕਾ ਨੇ ਪਾਕਿਸਤਾਨ 'ਤੇ ਹਮਲਾ ਕੀਤੇ ਬਿਨਾਂ ਇਸ ਨੂੰ ਗੁਲਾਮ ਬਣਾ ਦਿੱਤਾ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਦੇ ਲੋਕ ਦਰਾਮਦ ਸਰਕਾਰ ਨੂੰ ਕਦੇ ਵੀ ਸਵੀਕਾਰ ਨਹੀਂ ਕਰਨਗੇ। 69 ਸਾਲਾ ਕ੍ਰਿਕਟ ਤੋਂ ਸਿਆਸਤਦਾਨ ਬਣੇ ਇਮਰਾਨ ਖਾਨ ਦੀ ਸਰਕਾਰ ਨੂੰ ਵਿਰੋਧੀ ਧਿਰ ਨੇ ਪਿਛਲੇ ਮਹੀਨੇ ਬੇਭਰੋਸਗੀ ਮਤੇ ਨਾਲ ਡੇਗ ਦਿੱਤਾ ਸੀ। ਇਸ 'ਤੇ ਉਨ੍ਹਾਂ ਨੇ ਦੋਸ ਲਾਇਆ ਸੀ ਕਿ ਵਿਰੋਧੀ ਧਿਰ ਨੇ ਅਮਰੀਕਾ ਨਾਲ ਮਿਲ ਕੇ ਉਸ ਵਿਰੁੱਧ ਸਾਜਿ਼ਸ ਰਚੀ ਹੈ। ਸਰਕਾਰ ਡਿੱਗਣ ਤੋਂ ਬਾਅਦ ਇਮਰਾਨ ਖਾਨ ਪਾਕਿਸਤਾਨ ਦੇ ਵੱਖ-ਵੱਖ ਸਹਿਰਾਂ 'ਚ ਕਈ ਰੈਲੀਆਂ ਕਰ ਚੁੱਕੇ ਹਨ ਅਤੇ ਸਾਹਬਾਜ ਸਰਕਾਰ 'ਤੇ ਲਗਾਤਾਰ ਦੋਸ ਲਗਾ ਰਹੇ ਹਨ। ਆਪਣੀਆਂ ਕਈ ਰੈਲੀਆਂ ਵਿੱਚ ਉਹ ਨਵੀਂ ਸਰਕਾਰ ਨੂੰ ਦੇਸ ਧ੍ਰੋਹੀ ਅਤੇ ਭ੍ਰਿਸਟ ਸਰਕਾਰ ਕਰਾਰ ਦੇ ਚੁੱਕੇ ਹਨ।

# ਚੰਡੀਗੜ੍ਹ 'ਚ ਕਿਸਾਨ ਲਾਉਣਗੇ ਧਰਨੇ

**ਚੰਡੀਗੜ੍ਹ/ਵਿਨੋਦ ਸ਼ਰਮਾ**

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਮੀਟਿੰਗ ਫਤਿਹਗੜ੍ਹ ਸਾਹਿਬ ਵਿਖੇ ਹੋਈ, ਜਿਸ ਵਿੱਚ ਯੂਨੀਅਨ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਐਲਾਨ ਕੀਤਾ ਕਿ 23 ਕਿਸਾਨ ਜਥੇਬੰਦੀਆਂ ਵੱਲੋਂ 17 ਮਈ ਨੂੰ ਚੰਡੀਗੜ੍ਹ ਵਿਖੇ ਕਿਸਾਨੀ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਜਾਵੇਗਾ ਤੇ ਇਹ ਸੰਘਰਸ਼ ਸਰਕਾਰ ਵੱਲੋਂ ਮੰਗਾਂ ਨਾ ਮੰਨੇ ਜਾਣ ਤੱਕ ਜਾਰੀ ਰਹੇਗਾ ਕਿਉਂਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਨਾ ਮੰਨ ਕੇ ਦਰਕਿਨਾਰ ਕੀਤਾ ਜਾ ਰਿਹਾ ਹੈ। ਧਰਨੇ ਨੂੰ ਕਾਮਯਾਬ ਕਰਨ ਲਈ ਫਤਿਹਗੜ੍ਹ ਸਾਹਿਬ ਵਿਖੇ ਕਿਸਾਨਾਂ



ਦੀ ਹੋਈ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕਰਨ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਵਿਸੇਸ ਤੌਰ 'ਤੇ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਫਸਲਾਂ ਦਾ ਘੱਟ ਝਾੜ ਨਿਕਲਣ 'ਤੇ ਮੁਆਵਜ਼ਾ ਦੇਵੇ, ਭਾਖੜਾ ਮੈਨੇਜਮੈਂਟ ਬੋਰਡ ਤੋਂ ਪੰਜਾਬ ਦੀ ਹਿੱਸੇਦਾਰੀ ਖਤਮ ਕਰੇ, ਫਸਲਾਂ 'ਤੇ ਐੱਮ.ਐੱਸ.ਪੀ. ਦੇਵੇ ਤੇ ਛੋਟੇ ਕਿਸਾਨਾਂ ਦੀਆਂ ਜਮੀਨਾਂ ਖੋਹ ਕੇ ਵੱਡੇ ਕਾਰੋਬਾਰੀਆਂ ਨੂੰ ਦੇਣਾ ਬੰਦ ਕਰੇ। ਅਜਿਹੀਆਂ ਹੋਰ ਮੰਗਾਂ ਨੂੰ ਲੈ ਕੇ 17 ਤਰੀਕ ਤੋਂ 23 ਕਿਸਾਨ ਜਥੇਬੰਦੀਆਂ ਚੰਡੀਗੜ੍ਹ ਵਿਖੇ ਧਰਨਾ ਸ਼ੁਰੂ ਕਰਨਗੇ। ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਨਹੀਂ ਹੋ ਜਾਂਦਾ।



## ਮਾਤਾ ਵੈਸ਼ਨੋ ਦੇਵੀ ਨੇੜੇ ਜੰਗਲ 'ਚ ਭਿਆਨਕ ਅੱਗ ਲੱਗੀ

**ਕਟੜਾ/ਲੋਕ ਬਾਣੀ**

ਜੰਮੂ-ਕਸਮੀਰ ਦੇ ਕਟੜਾ 'ਚ ਮਾਤਾ ਵੈਸਨੋ ਦੇਵੀ ਨੇੜੇ ਜੰਗਲ 'ਚ ਅੱਗ ਲੱਗ ਗਈ । ਮਾਤਾ ਵੈਸਨੋ ਦੇਵੀ ਸਰਾਈਨ ਬੋਰਡ ਅਤੇ ਸਥਾਨਕ ਪ੍ਰਸਾਸਨ ਵਲੋਂ ਅੱਗ ਬੁਝਾਉਣ ਦੇ ਯਤਨ ਜਾਰੀ ਹਨ ।

## ਮਹਿਬੂਬਾ ਮੁਫਤੀ ਹੋਈ ਸਖਤ ਬੋਲੀ ਕੀ-ਕੀ ਬੰਦ ਕਰਵਾਉ ਸਰਕਾਰ

**ਸ੍ਰੀਨਗਰ/ਲੋਕ ਬਾਣੀ:-**



ਪੀ.ਡੀ.ਪੀ. ਪ੍ਰਧਾਨ ਮਹਿਬੂਬਾ ਮੁਫਤੀ ਨੇ ਕਿਹਾ ਕਿ ਤਾਜ ਮਹਿਲ, ਕੁਤੁਬ ਮੀਨਾਰ ਕੀ ਬੰਦ ਕੀਤੇ ਜਾਣਗੇ ? ਇੱਥੇ 50% ਸੈਰ-ਸਪਾਟਾ ਇਹ ਦੇਖਣ ਲਈ ਆਉਂਦਾ ਹੈ ਕਿ ਮੁਗਲਾਂ ਨੇ ਕੀ ਬਣਾਇਆ ਹੈ। ਇੱਥੇ 50% ਲੋਕ ਤਾਜ ਮਹਿਲ ਦੇਖਣ ਆਉਂਦੇ ਹਨ। ਜੋ ਵੀ ਵਿਰਾਸਤ ਹੈ, ਉਸ ਵਿਚ ਸਭ ਤੋਂ ਵੱਡਾ ਹੱਥ ਮੁਗਲਾਂ ਦਾ ਹੈ। ਉਸ ਤੋਂ ਬਾਅਦ ਬਾਕੀ ਸੈਰ-ਸਪਾਟਾ ਕਸਮੀਰ ਦੇਖਣ ਆਉਂਦਾ ਹੈ।

## ਨਿਰਮਾਣ ਅਧੀਨ ਇਮਾਰਤ 'ਚ ਲੱਗੀ ਅੱਗ

**ਮੁੰਬਈ/ਲੋਕ ਬਾਣੀ**

ਦੱਖਣੀ ਮੁੰਬਈ 'ਚ ਸੋਮਵਾਰ ਦੁਪਹਿਰ ਨੂੰ ਇਕ ਨਿਰਮਾਣ ਅਧੀਨ ਇਮਾਰਤ 'ਚ ਅੱਗ ਲੱਗ ਗਈ। ਨਗਰ ਨਿਗਮ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਬ੍ਰਹਨਮੁੰਬਈ ਮਿਉਂਸਪਲ ਕਾਰਪੋਰੇਸਨ (ਬੀ.ਐਮ.ਸੀ) ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇੱਥੇ ਕਾਲਾ ਘੋੜਾ ਖੇਤਰ ਵਿਚ ਐਸਪਲੈਂਡ ਹਾਊਸ ਦੇ ਸਾਹਮਣੇ ਸਥਿਤ ਇਕ ਨਿਰਮਾਣ ਅਧੀਨ ਇਮਾਰਤ ਦੀ ਜਮੀਨੀ ਮੰਜਿ਼ਲ ਉੱਤੇ ਦੁਪਹਿਰ ਕਰੀਬ 1 ਵਜੇ ਅੱਗ ਲੱਗ ਗਈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਵੱਡੀ ਖ਼ਬਰ: ਪੰਜਾਬ 'ਚ ਕਈ ਡੇਰਿਆਂ 'ਤੇ ਪਾਵਰਕਾਮ ਦਾ ਐਕਸ਼ਨ, ਠੋਕਿਆ 88 ਲੱਖ ਜੁਰਮਾਨਾ

**ਪਟਿਆਲਾ/ਲੋਕ ਬਾਣੀ**

ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ ਨੇ ਪੰਜਾਬ ਵਿਚ ਬਿਜਲੀ ਚੋਰੀ ਵਿਰੁੱਧ ਜ਼ੋਰਦਾਰ ਮੁਹਿੰਮ ਉਲੀਕੀ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ ਦੇ ਇਕ ਬੁਲਾਰੇ ਨੇ ਦੱਸਿਆ ਕਿ 13 ਅਤੇ 14 ਮਈ ਨੂੰ ਇਨਫੋਰਸਮੈਂਟ ਵਿੰਗ ਦੇ ਕਈ ਦਸਤਿਆਂ ਵੱਲੋ ਪੰਜਾਬ ਦੇ ਵੱਖ-ਵੱਖ ਸਹਿਰਾਂ ਵਿਚ ਬਿਜਲੀ ਖਪਤਕਾਰਾਂ ਦੇ ਕੁਨੈਕਸਨ ਚੈੱਕ ਕੀਤੇ।

ਇਨ੍ਹਾਂ ਵਿਚ ਇਨਫੋਰਸਮੈਂਟ ਵਿੰਗ ਵੱਲੋ ਵੱਧ ਲੋਸਜ਼ ਵਾਲੇ ਫੀਡਰਾਂ ਨਾਲ ਸਬੰਧਤ 3035 ਨੰਬਰ ਬਿਜਲੀ ਕੁਨੈਕਸਨ ਚੈੱਕ ਕੀਤੇ ਗਏ। ਜਿਨ੍ਹਾਂ ਵਿਚੋਂ 120 ਖਪਤਕਾਰ ਚੋਰੀ ਕਰਦੇ ਅਤੇ 464 ਨੰਬਰ ਖਪਤਕਾਰ ਕਈ ਪ੍ਰਕਾਰ ਦੀਆਂ ਊਣਤਾਈਆਂ ਅਤੇ ਬੇਨਿਯਮੀਆਂ ਕਰਦੇ ਫੜੇ ਗਏ। ਇਨ੍ਹਾਂ ਕੇਸਾਂ ਵਿਚ ਖਪਤਕਾਰਾਂ ਨੂੰ ਬਿਜਲੀ ਐਕਟ 2003 ਅਧੀਨ ਕੁਲ 88.18 ਲੱਖ ਰੁਪਏ ਜੁਰਮਾਨਾ ਕੀਤਾ ਗਿਆ।

ਬੁਲਾਰੇ ਨੇ ਦੱਸਿਆ ਕਿ ਚੈਕਿੰਗ ਦੌਰਾਨ ਅੰਮ੍ਰਿਤਸਰ ਦੇ ਇਕ ਨੰਬਰ ਡੇਰੇ ਨੂੰ ਚੈੱਕ ਕਰਨ ਤੇ ਪਾਇਆ ਗਿਆ ਕਿ ਡੇਰੇ ਦਾ ਸਾਰਾ 29.278 ਕਿੱਲੋਵਾਟ ਲੋਡ ਡੇਰੇ ਦੇ ਬਾਹਰ ਲੱਗੇ 25 ਕੇ.ਵੀ.ਏ. ਟਰਾਂਸਫਾਰਮਰ ਤੋਂ ਇਕ ਕੇਬਲ ਪਾ ਕੇ ਮੀਟਰ ਨੂੰ ਬਾਈਪਾਸ ਕਰਕੇ ਸਿੱਧੀ ਕੁੰਡੀ ਰਾਹੀਂ ਚਲਾਇਆ ਜਾ ਰਿਹਾ ਸੀ।

ਇਸ ਖਪਤਕਾਰ ਨੂੰ ਬਿਜਲੀ ਚੋਰੀ ਦੇ ਜੁਰਮਾਨੇ ਵਜੋਂ 4.34 ਲੱਖ ਰੁਪਏ ਦਾ ਜੁਰਮਾਨਾ ਕੀਤਾ ਗਿਆ। ਬੁਲਾਰੇ ਨੇ ਦੱਸਿਆ ਕਿ ਇੱਕ ਹੋਰ ਡੇਰੇ ਨੂੰ ਚੈਕ ਕਰਕੇ ਪਾਇਆ ਗਿਆ ਕਿ ਡੇਰੇ ਵੱਲੋਂ ਸੜਕ 'ਤੇ ਲੱਗੇ ਟ/ਫ ਤੋਂ ਕੇਬਲ ਰਾਹੀਂ ਸਿੱਧੀ ਕੁੰਡੀ ਪਾ ਕੇ ਬਿਜਲੀ ਚੋਰੀ ਕੀਤੀ ਜਾ ਰਹੀ ਸੀ। ਜਿਸ ਦਾ ਲੋਡ ਇਕ ਟੰਨ ਦੇ ਏ.ਸੀ. ਸਮੇਤ 3 ਕਿੱਲੋਵਾਟ ਬਣਦਾ ਹੈ। ਮੌਕੇ 'ਤੇ ਵੀਡੀਓਗ੍ਰਾਫੀ ਕੀਤੀ ਗਈ। ਕੇਬਲ ਉਤਾਰ ਲਈ ਗਈ ਹੈ ਅਤੇ ਮੌਕੇ ਤੇ ਐੱਫ.ਆਈ.ਆਰ. 633 ਮਿਤੀ 13-05-2022 ਰਾਹੀਂ ਦਰਜ ਹੋ ਗਈ ਹੈ।

ਉਨ੍ਹਾਂ ਦੱਸਿਆ ਕਿ ਜਮਾਲਪੁਰ, ਲੁਧਿਆਣਾ ਇਲਾਕੇ ਵਿਚ ਇਕ ਧਾਰਮਿਕ ਸਥਾਨ ਨੂੰ ਚੈੱਕ ਕਰਨ 'ਤੇ ਪਾਇਆ ਗਿਆ ਕਿ ਖਪਤਕਾਰ 40 ਕਿੱਲੋਵਾਟ ਦਾ ਲੋਡ ਜਿਸ ਵਿਚ 10 ਏ.ਸੀ. ਲੱਗੇ ਸਨ ਨੂੰ 25 ਮੈੱਮ.ਮੈੱਮ. ਦੀ ਕੇਬਲ ਨਾਲ ਸਿੱਧੀ ਕੁੰਡੀ ਪਾ ਕੇ ਬਿਜਲੀ ਚੋਰੀ ਕਰਦਾ ਪਾਇਆ ਗਿਆ। ਕੇਬਲ ਨੂੰ ਕਬਜੇ 'ਚ ਲਿਆ ਗਿਆ ਅਤੇ ਬਿਜਲੀ ਐਕਟ 2003 ਦੇ ਅਧੀਨ 9.43 ਲੱਖ ਜੁਰਮਾਨਾ ਅਤੇ 70,000/-ਰੁਪਏ ਦੀ ਕੰਪਾਊਂਡਿੰਗ ਫੀਸ ਵੀ ਪਾਈ ਗਈ।

# ਨਜਾਇਜ਼ ਹਥਿਆਰਾਂ ਤੇ ਨਸ਼ੇ ਸਮੇਤ 3 ਪੰਜਾਬੀ ਗ੍ਰਿਫਤਾਰ

**ਬਰੈਂਪਟਨ (ਕੈਨੇਡਾ)/ਲੋਕ ਬਾਣੀ**



ਕੈਨੇਡਾ ਦੇ ਬਰੈਂਪਟਨ ਤੋਂ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਦਰਅਸਲ, ਪੁਲਿਸ ਦੇ ਵੱਲੋਂ ਬਰੈਂਪਟਨ ਵਿੱਚ ਨਜਾਇਜ਼ ਹਥਿਆਰਾਂ ਅਤੇ ਨਸ਼ੇ ਸਮੇਤ 3 ਪੰਜਾਬੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਕੁਲਦੀਪ ਸਿੰਘ, ਸਹਿਜਜੋਤ ਸਿੰਘ, ਤਰਨਜੀਤ ਸਿੰਘ ਵਜੋਂ ਹੋਈ ਹੈ। ਪੁਲਿਸ ਦੇ ਮੁਤਾਬਿਕ, ਸੂਚਨਾ ਦੇ ਆਧਾਰ 'ਤੇ 13 ਮਈ ਨੂੰ ਜਦੋਂ ਪੀਲ ਪੁਲਿਸ ਦੇ ਵੱਲੋਂ ਬਰੈਂਪਟਨ ਦੇ ਚਿੰਗੁਆਕੌਸੀ ਅਤੇ ਸਟੀਲਜ਼ ਵਿਖੇ ਛਾਪੇਮਾਰੀ ਕੀਤੀ ਤਾਂ, ਉਥੋਂ 3 ਨੌਜਵਾਨਾਂ ਨੂੰ ਨਜਾਇਜ਼ ਹਥਿਆਰ ਅਤੇ ਨਸ਼ਾ ਸਮੇਤ ਗ੍ਰਿਫਤਾਰ ਕੀਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ, ਮੁਲਜ਼ਮਾਂ ਕੋਲੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪਟਿਆਲਾ 'ਚ ਗੁਟਕਾ ਸਾਹਿਬ ਦੀ ਬੇਅਦਬੀ !

**ਪਟਿਆਲਾ/ਲੋਕ ਬਾਣੀ**

ਪਟਿਆਲਾ ਤੋਂ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਕਿ, ਇੱਕ ਸੂਏ ਦੇ ਵਿੱਚੋਂ ਸਫ਼ਾਈ ਦਾ ਕੰਮ ਕਰਦੇ ਵੇਲੇ ਗੁਟਕਾ ਸਾਹਿਬ ਜੀ ਦੇ ਪਤਰੇ ਖਿਲਰੇ ਹੋਏ ਬਰਾਮਦ ਹੋਏ ਹਨ। ਮਨਰੇਗਾ ਮਜ਼ਦੂਰਾਂ ਨੇ ਇਸ ਦੀ ਘਟਨਾ ਪੁਲਿਸ ਨੂੰ ਦੇ ਦਿੱਤੀ ਹੈ ਅਤੇ ਪੁਲਿਸ ਘਟਨਾ ਸਥਾਨ ਤੇ ਪਹੁੰਚ ਗਈ ਹੈ। ਦੂਜੇ ਪਾਸੇ ਸੂਚਨਾ ਇਹ ਵੀ ਮਿਲੀ ਹੈ ਕਿ, ਗੁਟਕਾ ਸਾਹਿਬ ਜੀ ਦੇ ਪੱਤਰੇ ਨੂੰ ਗੁਰਦੁਆਰਾ ਸ੍ਰੀ ਕਰਹਾਲੀ ਸਾਹਿਬ ਪਹੁੰਚਾ ਦਿੱਤਾ ਗਿਆ ਹੈ। ਪੁਲਿਸ ਦਾ ਦਾਅਵਾ ਹੈ ਕਿ, ਛੇਤੀ ਹੀ ਮੁਲਜ਼ਮ ਫੜ ਲਏ ਜਾਣਗੇ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ।



# ਠੇਕਾ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਨੇ ਨੌਕਰੀਆਂ ਤੋਂ ਕੱਢਿਆ

**ਤਪਾ ਮੰਡੀ/ਲੋਕ ਬਾਣੀ**

ਇੱਕ ਪਾਸੇ ਜਿਥੇ ਭਗਵੰਤ ਮਾਨ ਸਰਕਾਰ ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ ਦੇ ਵੱਡੇ ਵੱਡੇ ਦਾਅਵੇ ਕਰ ਰਹੀ ਹੈ, ਉਥੇ ਹੀ ਪਹਿਲੋਂ ਨੌਕਰੀਆਂ ਕਰ ਰਹੇ ਠੇਕਾ ਮੁਲਾਜ਼ਮਾਂ ਨੂੰ ਸਰਕਾਰ ਦੁਆਰਾ ਨੌਕਰੀਓਂ ਕੱਢਿਆ ਜਾ ਰਿਹਾ ਹੈ। ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ।

ਲੰਘੇ ਕੱਲ੍ਹ ਸਿਵਲ ਹਸਪਤਾਲ ਤਪਾ ਦੇ ਗੇਟ ਤੇ ਫਾਰਗ ਕੀਤੇ ਆਊਟਸੋਰਸ ਮੁਲਾਜ਼ਮਾਂ ਵਲੋਂ ਕੜਾਕੇ ਦੀ ਗਰਮੀ 'ਚ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੰਜਾਬ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ।

ਇੰਨਾਂ ਹੀ ਨਹੀਂ, ਬੇਰੁਜ਼ਗਾਰ ਮੁਲਾਜ਼ਮਾਂ ਨੇ ਸੁਰਿੰਦਰ ਕੁਮਾਰ ਸੂਬਾ ਪ੍ਰਧਾਨ ਦੀ ਅਗਵਾਈ ਵਿਚ ਰੋਸ ਮਾਰਚ ਕਰਕੇ ਸੂਬਾ ਸਰਕਾਰ ਦਾ ਪੁਤਲਾ ਸਾੜਿਆ ਗਿਆ ਅਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਮੀਡੀਆ ਨਾਲ ਗੱਲਬਾਤ ਦੌਰਾਨ ਨੌਕਰੀਓਂ ਕੱਢੇ ਗਏ ਆਗੂਆਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਜਨਤਾ ਨੂੰ ਲੁੱਟਿਆ ਤੇ ਕੁੱਟਿਆ ਹੈ, ਜਿਸ ਤੋਂ ਤੰਗ ਹੋ ਕੇ ਸੂਬੇ ਦੀ ਜਨਤਾ ਨੇ ਬਦਲਾਅ ਕਰਦਿਆਂ ਹੋਇਆ ਆਮ ਆਦਮੀ ਪਾਰਟੀ ਨੂੰ ਵੱਡਾ ਫ਼ਤਵਾ ਦੇ ਕੇ ਸੱਤਾ ਤੇ ਬਿਠਾਇਆ ਹੈ।



ਪਰ ਆਮ ਆਦਮੀ ਪਾਰਟੀ ਨੇ ਆਉਂਦਿਆਂ ਹਸਪਤਾਲ 'ਚ ਆਊਟ ਸੋਰਸਿੰਸ ਤੇ ਕੰਮ ਕਰਦੇ ਠੇਕਾ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਫ਼ਾਰਗ ਕਰ ਦਿੱਤਾ ਹੈ ਜਿਸ ਕਰਕੇ ਬੇਰੁਜ਼ਗਾਰ ਮੁਲਾਜ਼ਮਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

# ਸੁਨੀਲ ਜਾਖੜ ਹੋਣਗੇ ਭਾਜਪਾ 'ਚ ਸ਼ਾਮਲ?

**ਚੰਡੀਗੜ੍ਹ/ਲੋਕ ਬਾਣੀ**

ਕਾਂਗਰਸ ਨੂੰ ਅਲਵਿਦਾ ਕਹਿ ਚੁੱਕੇ ਸੁਨੀਲ ਜਾਖੜ ਕੀ ਭਾਜਪਾ ਵਿੱਚ ਸ਼ਾਮਲ ਹੋਣ ਜਾ ਰਹੇ ਹਨ? ਇਹ ਸਵਾਲ ਇਸ ਲਈ ਉੱਠ ਰਿਹਾ ਹੈ, ਕਿਉਂਕਿ ਜਿਸ ਦਿਨ ਭਾਜਪਾਈ ਲੀਡਰ ਜੇ.ਪੀ. ਨੱਡਾ ਪੰਜਾਬ ਦੌਰੇ ਤੇ ਸਨ ਤਾਂ, ਉਸੇ ਦਿਨ ਹੀ ਜਾਖੜ ਦੇ ਵੱਲੋਂ ਸੋਸ਼ਲ ਮੀਡੀਆ ਤੇ ਲਾਈਵ ਹੋ ਕੇ ਆਪਣਾ ਅਸਤੀਫ਼ਾ ਦੇ ਦਿੱਤਾ। ਨਿਊਜ਼-18 ਦੀ ਖ਼ਬਰ ਅਨੁਸਾਰ, ਕੀ ਹੁਣ ਸੁਨੀਲ ਜਾਖੜ ਭਾਜਪਾ ਦੇ ਨਾਲ ਨਵੀਂ ਪਾਰੀ ਸ਼ੁਰੂ ਕਰਨਗੇ? ਖ਼ਬਰਾਂ ਦੀ ਮੰਨੀਏ ਤਾਂ, ਜਾਖੜ ਪਰਿਵਾਰ ਦੇ ਭਾਜਪਾ ਦੇ ਨਾਲ ਗੂੜੇ ਸਬੰਧ ਹਨ। ਇਸ ਤੋਂ ਇਲਾਵਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਵੀ ਜਾਖੜ ਦੇ ਗੂੜੇ ਸਬੰਧ ਹਨ। ਕੈਪਟਨ ਇਸ ਵੇਲੇ ਭਾਜਪਾ ਦੇ ਨਾਲ ਮਿਲ ਕੇ ਚੋਣਾਂ ਲੜ ਕੇ ਹਟੇ ਹਨ ਅਤੇ ਅੱਗੇ ਤੋਂ ਵੀ ਉਨ੍ਹਾਂ ਦਾ ਗੱਠਜੋੜ ਬਰਕਰਾਰ ਰਹਿਣ ਦੀ ਉਮੀਦ ਹੈ। ਪਰ ਕੀ ਕੈਪਟਨ ਦੇ ਖ਼ਾਸ ਅਤੇ ਨੇਲੜੇ ਆਗੂ ਰਹੇ ਸੁਨੀਲ ਜਾਖੜ ਆਉਂਦੇ ਦਿਨਾਂ ਵਿੱਚ ਭਾਜਪਾ ਵਿੱਚ ਸ਼ਾਮਲ ਹੋਣਗੇ? ਖ਼ਬਰਾਂ ਇਹ ਵੀ ਮਿਲ ਰਹੀਆਂ ਹਨ ਕਿ, ਸੰਗਰੂਰ ਜਿੰਮਨੀ ਚੋਣ ਤੋਂ ਪਹਿਲਾਂ ਜਾਖੜ ਭਾਜਪਾ ਵਿੱਚ ਸ਼ਾਮਲ ਹੋ ਸਕਦੇ ਹਨ ਅਤੇ ਉੱਥੋਂ ਇਹ ਭਾਜਪਾ ਦੇ ਉਮੀਦਵਾਰ ਵੀ ਹੋ ਸਕਦੇ ਹਨ। ਖ਼ੈਰ, ਸਵਾਲ ਵੱਡੇ ਹਨ।

# ਅਧਿਆਪਕਾਂ ਦੀਆਂ ਸਰਕਾਰਾਂ ਨੇ ਰੋਕੀਆਂ ਤਨਖ਼ਾਹਾਂ, ਸਾਂਝੇ ਅਧਿਆਪਕ ਮੋਰਚੇ ਨੇ ਪਾਇਆ ਦਫ਼ਤਰ ਨੂੰ ਘੇਰਾ




**ਮਾਨਸਾ/ਲੋਕ ਬਾਣੀ**

ਪਿਛਲੇ ਲਗਪਗ ਤਿੰਨ ਮਹੀਨਿਆਂ ਦੀਆਂ ਤਨਖਾਹਾਂ ਜਾਰੀ ਕਰਵਾਉਣ ਅਤੇ ਈ ਟੀ ਟੀ ਤੋਂ ਹੈਡ ਟੀਚਰ ਤਰੱਕੀਆਂ ਕਰਵਾਉਣ ਨੂੰ ਲੈ ਕੇ ਸਾਂਝੇ ਅਧਿਆਪਕ ਮੋਰਚੇ ਦੀ ਅਗਵਾਈ ਵਿੱਚ ਡੀਈਓ ਦਫ਼ਤਰ ਮਾਨਸਾ ਦਾ ਘਿਰਾਓ ਕੀਤਾ ਗਿਆ । ਇਸ ਸਮੇਂ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਸਾਂਝੇ ਅਧਿਆਪਕ ਮੋਰਚੇ ਦੇ ਆਗੂਆਂ ਦਰਸ਼ਨ ਅਲੀਸ਼ੇਰ , ਗੁਰਜੀਤ ਲਾਲਿਆਂਵਾਲੀ , ਗੁਰਦਾਸ ਰਾਏਪੁਰ, ਪਰਮਿੰਦਰ ਮਾਨਸਾ , ਧਰਮਿੰਦਰ ਹੀਰੇਵਾਲਾ ਨੇ ਕਿਹਾ ਕਿ ਮਾਨਸਾ ਜ਼ਿਲ੍ਹੇ ਦੇ ਪੰਜ ਸੌ ਦੇ ਲਗਪਗ ਅਧਿਆਪਕ ਅਤੇ ਦੋ ਸੌ ਦੇ ਲਗਭਗ ਮਿਡ ਡੇ ਮੀਲ ਵਰਕਰ ਡੀ ਡੀ ਪਾਵਰਾਂ ਨਾ ਹੋਣ ਕਾਰਨ ਪਿਛਲੇ ਲਗਪਗ ਦੋ ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝੇ ਹਨ।

ਉਨ੍ਹਾਂ ਕਿਹਾ ਇਸ ਸੰਬੰਧੀ ਇਸ ਤੋਂ ਪਹਿਲਾਂ ਵੀ ਕਈ ਵਾਰੀ ਜ਼?ਲ੍ਹਾ ਅਧਿਕਾਰੀਆਂ ਨੂੰ ਮੰਗ ਪੱਤਰ ਦੇ ਕੇ ਸਮੱਸਿਆ ਦਾ ਹੱਲ ਕਰਨ ਲਈ ਕਿਹਾ ਗਿਆ ਹੈ ਪ੍ਰੰਤੂ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਡੀ ਪੀ ਆਈ ਦਫਤਰ ਪੱਧਰ ਦਾ ਕੰਮ ਹੋਣ ਦੀ ਗੱਲ ਕਹਿ ਕੇ ਟਾਲ ਮਟੋਲ ਹੀ ਕੀਤੀ ਜਾਂਦੀ ਰਹੀ ਹੈ ਜਿਸ ਕਾਰਨ ਅੱਜ ਅੱਕੇ ਹੋਏ ਅਧਿਆਪਕਾਂ ਵੱਲੋਂ ਡੀਈਓ ਦਫ਼ਤਰ ਦਾ ਘਿਰਾਓ ਕੀਤਾ ਗਿਆ । ਅਧਿਆਪਕਾਂ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ ਕਰਨ ਤੋਂ ਬਾਅਦ ਪ੍ਰਸ਼ਾਸਨ ਹਰਕਤ ਵਿਚ ਆਇਆ ਅਤੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨਾਲ ਗੱਲ ਕੀਤੀ ਗਈ ।

ਜ਼ਿਲ੍ਹਾ ਸਿੱਖਿਆ ਅਧਿਕਾਰੀ ਵੱਲੋਂ ਵਾਰ ਵਾਰ ਇਹੀ ਗੱਲ ਦੁਹਰਾਈ ਗਈ ਕਿ ਉਨ੍ਹਾਂ ਵੱਲੋਂ ਡੀ ਡੀ ਪਾਵਰਾਂ ਸੰਬੰਧੀ ਗਾਈਡਲਾਈਨਜ਼ ਡੀ ਪੀ ਆਈ ਦਫਤਰ ਤੋਂ ਮੰਗੀਆਂ ਗਈਆਂ ਹਨ ।ਉਹਨਾਂ ਪੱਤਰ ਲਿਖ ਕੇ ਡੀ ਪੀ ਆਈ ਨੂੰ ਅਧਿਆਪਕਾਂ ਦੇ ਰੋਸ ਸਬੰਧੀ ਜਾਣੂ ਕਰਵਾਇਆ ਅਤੇ ਡੀ ਡੀ ਪਾਵਰਜ ਜਲਦ ਜਾਰੀ ਕਰਨ ਸਬੰਧੀ ਰਿਮਾਂਇਡਰ ਡੀ ਪੀ ਆਈ ਨੂੰ ਭੇਜਿਆ ਗਿਆ। ਈ ਟੀ ਟੀ ਤੋਂ ਐਚ ਟੀ ਦੀਆਂ

# ਵਿਧਾਇਕ ਬੱਗਾ ਨੇ ਕੀਤਾ ਚੰਨਣ ਦੇਵੀ ਸਰਕਾਰੀ ਕੰਨਿਆ ਹਾਈ ਸਕੂਲ ਸਲੇਮ ਟਾਬਰੀ ਦਾ ਵਿਸ਼ੇਸ਼ ਦੌਰਾ



**ਲੁਧਿਆਣਾ/ਸੁਖਚੈਨ ਮਹਿਰਾ**

ਅੱਜ ਹਲਕਾ ਲੁਧਿਆਣਾ ਉੱਤਰੀ ਦੇ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਸਥਾਨਕ ਚੰਨਣ ਦੇਵੀ ਸਰਕਾਰੀ ਕੰਨਿਆ ਹਾਈ ਸਕੂਲ, ਸਲੇਮ ਟਾਬਰੀ ਦਾ ਵਿਸ਼ੇਸ਼ ਦੌਰਾ ਕੀਤਾ ਅਤੇ ਸਕੂਲ ਦੇ ਨਵੀਨੀਕਰਣ ਸਬੰਧੀ ਚੱਲ ਰਹੇ ਕਾਰਜ਼ਾਂ ਦੀ ਸਮੀਖਿਆ ਕੀਤੀ।

ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਸ੍ਰੀਮਤੀ ਪੂਨਮ ਕਲੀ ਅਤੇ ਸਮੂਹ ਸਕੂਲ ਸਟਾਫ ਵੱਲੋਂ ਵਿਧਾਇਕ ਬੱਗਾ ਦਾ ਭਰਵਾਂ ਸੁਆਗਤ ਕੀਤਾ ਗਿਆ। ਪ੍ਰਿੰਸੀਪਲ ਸ੍ਰੀਮਤੀ ਪੂਨਮ ਕਲੀ ਵੱਲੋਂ ਵਿਧਾਇਕ ਬੱਗਾ ਨੂੰ ਸਨਮਾਨ ਚਿੰਨ੍ਹ ਵੀ ਭੇਂਟ ਕੀਤਾ।

ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਪੂਨਮ ਕਲੀ ਵੱਲੋਂ ਵਿਧਾਇਕ ਬੱਗਾ ਨੂੰ ਸਾਲਾਨਾ ਪ੍ਰਗਤੀ ਰਿਪੋਰਟ ਬਾਰੇ ਜਾਣੂੰ ਕਰਵਾਇਆ ਅਤੇ ਚੱਲ ਰਹੀ ਨਵੀਂ ਉਸਾਰੀ ਬਾਰੇ ਵੀ ਚਾਨਣਾ ਪਾਇਆ।

ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਕੂਲ ਦੇ ਨਵੀਨੀਕਰਣ ਸਬੰਧੀ ਜਿਹੜੇ ਕੰਮ ਚੱਲ ਰਹੇ ਹਨ ਉਹ ਨਿਰਵਿਘਨ ਨੇਪਰੇ ਚੜ੍ਹਨਗੇ ਅਤੇ ਫੰਡਾਂ ਦੀ ਕੋਈ ਘਾਟ ਨਹੀਂ ਆਉਂਣ ਦਿੱਤੀ ਜਾਵੇਗੀ।

ਵਿਧਾਇਕ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਬੇਹੱਦ ਸੰਵੇਦਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਠੀਕ ਕਿਹਾ ਜਾਂਦਾ ਹੈ ਕਿ ਵਿੱਦਿਆ ਹੀ ਦੌਲਤ ਹੈ ਜੋ ਹਰ ਦੇਸ਼ ਦੇ ਭਵਿੱਖ ਦਾ ਫੈਸਲਾ ਕਰਦੀ ਹੈ। ਇਸੇ ਕਰਕੇ ਆਮ ਆਦਮੀ ਪਾਰਟੀ ਦੇ ਕੰਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੀ ਸੋਚ 'ਤੇ ਚੱਲ ਕੇ ਹੀ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਿਆ ਜਾ ਰਿਹਾ ਹੈ ਤਾਂਕਿ ਉਨ੍ਹਾਂ ਦੇ ਹਲਕੇ ਦੇ ਲੋਕ ਹੋਰ ਅਮੀਰ ਬਣ ਸਕਣ। ਉਨ੍ਹਾਂ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ ਜਿਨ੍ਹਾਂ ਇਸ ਸਕੂਲ ਦੇ ਨਵੀਨੀਕਰਣ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ।

ਉਨ੍ਹਾਂ ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਚੰਗੀ ਸਿੱਖਿਆ ਦਾ ਕੋਈ ਮੇਲ ਨਹੀਂ ਹੈ ਕਿਉਂਕਿ ਇਹ ਸਾਡੀ ਨੌਜਵਾਨ ਪੀੜ੍ਹੀ ਨੂੰ ਵਧੀਆ ਤਰੀਕਿਆਂ ਨਾਲ ਤਿਆਰ ਕਰਕੇ ਉਨ੍ਹਾਂ ਨੂੰ ਜਾਗਰੂਕ ਅਤੇ ਚੰਗੇ ਨਾਗਰਿਕ ਬਣਾਉਂਦੀ ਹੈ। ਸਾਨੂੰ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰਨ ਲਈ ਸਮੂਹਿਕ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਇਹ ਮਨੁੱਖਤਾ ਦੀ ਸਭ ਤੋਂ ਉੱਤਮ ਸੇਵਾ ਹੈ। ਇਸ ਮੌਕੇ ਐਸ.ਡੀ.ਓ. (ਬੀ. ਐਂਡ ਆਰ.) ਅਕਸ਼ੇ ਬਾਂਸਲ, ਬਿੱਟੂ ਭਨੋਟ, ਅਮਨ ਬੱਗਾ,ਸੰਤੋਸ਼ ਕੁਮਾਰ, ਸੁਰਿੰਦਰ ਸਿੰਘ, ਦਿਨੇਸ਼ ਸ਼ਰਮਾ, ਸ਼ਾਮ ਚਿਤਕਾਰਾ, ਦਲਜੀਤ ਸਿੰਘ ਬਿੱਟੂ, ਧਰਮਿੰਦਰ ਪਾਲ, ਗੁਰਪ੍ਰੀਤ ਸਿੰਘ ਭੁੱਲਰ, ਹਰੀਸ਼ ਚਿਤਕਾਰਾ, ਸੰਜੀਵ ਮਹਿਮੀ, ਨਵੀਨ ਕਠਪਾਲ, ਸੁਰਿੰਦਰ ਅਰੋੜਾ, ਸ੍ਰੀ ਕੇਵਲ ਮਾਂਗਟ, ਸਮੂਹ ਸਕੂਲ ਸਟਾਫ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

# ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵਲੋਂ ਜਿਲੇ ਦੇ ਡਿਪਟੀ ਕਮਿਸ਼ਨਰ, ਜਿਲਾ ਪੁਲਿਸ ਮੁਖੀ ,ਏ ਡੀ ਸੀ ਵਿਕਾਸ ਅਤੇ ਬੀ ਡੀ ਪੀ ਓ ਬਲਾਕ ਮਹਿਲ ਕਲਾਂ ਦੇ ਸਾਰੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ



**ਬਰਨਾਲਾ/ਕਰਨਪ੍ਰੀਤ ਧੰਦਰਾਲ**

ਬਰਨਾਲਾ ਜਿਲੇ ਦੇ ਹਲਕਾ ਮਹਿਲ ਕਲਾਂ ਤੋਂ ਆਮ ਆਦਮੀ ਪਾਰਟੀ ਦੇ ਦੂਜੀ ਵਾਰ ਜਿੱਤੇ ਵਿਧਾਇਕ ਸਰਦਾਰ ਕੁਲਵੰਤ ਸਿੰਘ ਪੰਡੋਰੀ ਵਲੋਂ ਜਿਲੇ ਦੇ ਡਿਪਟੀ ਕਮਿਸ਼ਨਰ , ਜਿਲਾ ਪੁਲਿਸ ਮੁਖੀ ,ਏ ਡੀ ਸੀ ਵਿਕਾਸ ਅਤੇ ਬੀ ਡੀ ਪੀ ਓ ਬਲਾਕ ਮਹਿਲ ਕਲਾਂ ਦੇ ਸਾਰੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ 1 ਮੀਟਿੰਗ ਉਪਰੰਤ ਵਿਧਾਇਕ ਕੁਲਵੰਤ ਪੰਡੋਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਹਲਕਿਆਂ ਲਈ ਬਣ ਰਹੀਆਂ ਵੱਖ ਵੱਖ ਪ੍ਰਪੋਜਲਾ ਸਬੰਧੀ ਸਾਰੇ ਅਧਿਕਾਰੀਆਂ ਤੋ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਨਵੇ ਆ ਰਹੇ ਪ੍ਰੋਜੈਕਟਾ ਸਬੰਧੀ ਸਾਡੀਆ ਪਿੰਡ ਇਕਾਈਆਂ ਨਾਲ ਤਾਲਮੇਲ ਕਰਕੇ ਉਹਨਾ ਦੇ ਸਹਿਯੋਗ ਨਾਲ ਵੱਖ ਵੱਖ ਸਕੀਮਾ ਪਿੰਡਾ ਵਿੱਚ ਲਾਗੂ ਕਰਨ ਦੇ ਆਦੇਸ ਦਿੱਤੇ ! ਉਹਨਾਂ ਕਿਹਾ ਕਿ ਪਿੰਡਾਂ ਵਿਚ ਕਿਸੇ ਕਿਸਮ ਦੇ ਨਸ਼ੇ ਦੇ ਸੌਦਾਗਰਾਂ ਨੂੰ ਬਖਸ਼ਿਆ ਨਾ ਜਾਵੇ ਜਿਸ ਸੰਬੰਧੀ ਜਿਲਾ ਪੁਲਿਸ ਮੁਖੀ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਆਪ ਦੀ ਸਰਕਾਰ ਲੁੱਕਣ ਦੀ ਹਮਦਰਦ ਸਰਕਾਰ ਸਿੱਧ ਹੋਵੇਗੀ ਲੋਕਾਂ ਦੇ ਸਹਿਜੋਗ ਸਦਕਾ ਹਲਕਾ ਮਹਿਲਾ ਕਲਾਂ ਦੀ ਵਿਕਾਸ ਤਹਿਤ ਤਸਵੀਰ ਬਦਲੇਗੀ।

# ਸੀ. ਪੀ. ਆਈ. (ਐਮ.) ਦੀ ਤਹਿਸੀਲ ਪੱਧਰੀ ਮੀਟਿੰਗ ਵਿੱਚ ਸੂਬਾ ਸਕੱਤਰ ਉੱਚੇਚੇ ਤੌਰ ਤੇ ਪੁੱਜੇ

**ਸਮਰਾਲਾ/ਭੂਸਨ ਬਾਂਸਲ ਸੁਨੀਲ ਅਗਰਵਾਲ**

ਸਮਰਾਲਾ ਵਿਖੇ ਸੀ. ਪੀ. ਆਈ. (ਐਮ.) ਦੀ ਤਹਿਸੀਲ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਕਮੇਟੀ ਦੇ ਮੈਂਬਰ ਕਾਮਰੇਡ ਭਜਨ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਪਾਰਟੀ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਮੀਟਿੰਗ ਵਿੱਚ ਸ਼ਾਮਲ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਅਤੇ ਪੰਜਾਬ ਅੰਦਰ ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਸਬੰਧੀ ਚਿੰਤਾ ਪ੍ਰਗਟ ਕੀਤੀ ਗਈ। ਇਸ ਮੌਕੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਦੇਸ਼ ਅੰਦਰ ਮਹਿੰਗਾਈ ਦਿਨ ਪ੍ਰਤੀ ਵੱਧਦੀ ਹੀ ਜਾ ਰਹੀ ਹੈ, ਜਿਸਨੂੰ ਮੋਦੀ ਸਰਕਾਰ ਠੱਲ ਪਾਉਣ ਵਿੱਚ ਨਾਕਾਯਾਬ ਰਹੀ ਹੈ। ਇਸ ਵੱਧ ਰਹੀ ਮਹਿੰਗਾਈ ਖਿਲਾਫ ਦੇਸ਼ ਦੀਆਂ ਪੰਜ ਪ੍ਰਮੁੱਖ ਖੱਬੇ ਪੱਖੀ ਜਥੇਬੰਦੀਆਂ ਜਿਨ੍ਹਾਂ ਵਿੱਚ ਸੀ. ਪੀ. ਆਈ. (ਐਮ.) ਪ੍ਰਮੁੱਖ ਤੌਰ ਮੋਹਰੀ ਹੋ ਕੇ 25 ਮਈ ਤੋਂ 31 ਮਈ ਤੱਕ ਦੇਸ਼ ਭਰ ਵਿੱਚ ਮੁਜਾਹਰੇ, ਪੁਤਲੇ ਫੂਕ ਅਤੇ ਧਰਨੇ ਦੇਣਗੀਆਂ ਤਾਂ ਜੋ ਕੇਂਦਰ ਦੀ ਮੋਦੀ ਸਰਕਾਰ ਨੂੰ ਕੁੰਭ ਕਰਨੀ ਨੀਂਦ ਤੋਂ ਉਠਾਇਆ ਜਾ ਸਕੇ। ਪ੍ਰਧਾਨ ਮੰਤਰੀ ਮੋਦੀ ਵੱਲੋਂ ਦੇਸ਼ ਭਰ ਦੇ ਮੁੱਖ ਮੰਤਰੀਆਂ ਨੂੰ ਪੈਟਰੋਲ, ਡੀਜਲ ਤੇ ਵੈਟ ਘਟਾਉਣ ਦੀ ਅਪੀਲ ਕੀਤੀ ਸੀ, ਪ੍ਰੰਤੂ ਉਨ੍ਹਾਂ ਕਿਹਾ ਮੋਦੀ ਸਰਕਾਰ ਪੈਟਰੋਲ, ਡੀਜਲ ਨੂੰ ਖੁਦ ਜੀ. ਐਸ. ਟੀ. ਦੇ ਘੇਰੇ ਵਿੱਚ ਕਿਉਂ ਨਹੀਂ ਲੈ ਕੇ ਆਉਂਦੀ, ਜਦੋਂ ਕਿ ਜੀ. ਐਸ. ਟੀ. ਦੀ ਵੱਧ ਤੋਂ ਵੱਧ ਸਲੈਬ 28 ਪ੍ਰਤੀਸ਼ਤ ਹੈ, ਜਦੋਂ ਕਿ ਸੂਬਾ ਸਰਕਾਰਾਂ ਦੁਆਰਾ ਟੈਕਸ 100 ਪ੍ਰਤੀਸ਼ਤ ਵੱਧ ਪੈ ਰਿਹਾ ਹੈ। ਇਹ ਸਾਰਾ ਕੁਝ ਪ੍ਰਧਾਨ ਮੰਤਰੀ ਆਪਣੇ ਹਤੈਸ਼ੀ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਪੈਟਰੋਲ ਡੀਜਲ ਨੂੰ ਜੀ. ਐਸ. ਟੀ. ਦੇ ਘੇਰੇ ਵਿੱਚ ਨਹੀਂ ਲੈ ਕੇ ਆ ਰਿਹਾ। ਉਨ੍ਹਾਂ ਅੱਗੇ ਪੰਜਾਬ ਦੇ ਹਾਲਾਤਾਂ ਸਬੰਧੀ ਟਿੱਪਣੀ ਕਰਦੇ ਹੋਏ ਕਿਹਾ ਕਿ ਪੰਜਾਬ ਅੰਦਰ ਮੌਜੂਦਾ ਸਰਕਾਰ ਅਯੋਗ ਵਿਅਕਤੀਆਂ ਦੀ ਹੈ, ਜਿਨ੍ਹਾਂ ਨੂੰ ਰਾਜਨੀਤੀ ਬਾਰੇ ਕੁਝ ਨਹੀਂ ਪਤਾ, ਉਨ੍ਹਾਂ ਭਗਵੰਤ ਮਾਨ ਨੂੰ ਕਿਹਾ ਕਿ ਉਸ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਉਹ ਸ਼ਹੀਦ ਭਗਤ ਸਿੰਘ ਦਾ ਅਨੁਆਈ ਹੈ ਜਾਂ ਗਾਂਧੀ ਦਾ। ਉਨ੍ਹਾਂ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਜਿਹੜੀ ਸੌਂਹ ਉਹ ਭਗਤ ਸਿੰਘ ਦੀ ਸਮਾਧ ਤੇ ਖਾ ਕੇ ਆਇਆ ਸੀ, ਉਸ ਪ੍ਰਤੀ ਉਸਨੂੰ ਸਮਰਪਿਤ ਹੋਣਾ ਪੈਣਾ ਹੈ, ਜੇਕਰ ਇਸੇ ਤਰਾਂ ਕੇਜਰੀਵਾਲ ਦੇ ਪਿੱਛੇ ਲੱਗਿਆ ਰਿਹਾ ਤਾਂ ਪੰਜਾਬ ਦੇ ਹਾਲਾਤ ਇਸ ਨਾਲੋਂ ਵੀ ਵੱਧ ਮਾੜੇ ਹੋਣਗੇ। ਭਗਵੰਤ ਮਾਨ ਜੋ ਸਿਹਤ ਅਤੇ ਸਿੱਖਿਆ ਸਬੰਧੀ ਦਿੱਲੀ ਮਾਡਲ ਦੀਆਂ ਗੱਲਾਂ ਕਰਦਾ ਹੈ, ਉਸ ਨੂੰ ਕੇਰਲਾ ਮਾਡਲ ਦੇਖਣਾ ਚਾਹੀਦਾ ਹੈ, ਜਿੱਥੇ 20 ਸਾਲ ਪਹਿਲਾਂ ਕੋਈ ਅਨਪੜ੍ਹ ਵਿਅਕਤੀ ਮੌਜੂਦ ਨਹੀਂ ਸੀ, ਇਸ ਰਾਜ ਵਿੱਚ ਸਾਡੀ ਸਰਕਾਰ ਹੈ, ਜੇਕਰ ਭਾਰਤ ਦੇ ਲੋਕਾਂ ਨੇ ਦੇਸ਼ ਬਚਾਉਣਾ ਹੈ ਤਾਂ ਖੱਬੇ ਪੱਖੀ ਪਾਰਟੀਆਂ ਨਾਲ ਰਲਣਾ ਪੈਣਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਹਰਪਾਲ ਸਿੰਘ ਪੂਰਬਾ ਜ਼ਿਲ੍ਹਾ ਕਮੇਟੀ ਮੈਂਬਰ, ਤਹਿਸੀਲ ਸਕੱਤਰ ਨਿੱਕਾ ਸਿੰਘ ਖੇੜਾ, ਨਿਰਮਲ ਸਿੰਘ ਮੁਗਲੇਵਾਲ, ਮਸਤਾ ਸਿੰਘ ਜੱਸੋਵਾਲ, ਪ੍ਰਕਾਸ਼ ਸਿੰਘ ਉਦੋਵਾਲ, ਦਲਬਾਰਾ ਸਿੰਘ ਬੌਂਦਲੀ ਆਦਿ ਹਾਜਰ ਸਨ।

# ਜੰਡਿਆਲਾ ਗੁਰੂ ਮੰਡੀ ਵਿਖੇ ਲਿਫਟਿੰਗ ਲੇਟ ਹੋਣ ਨਾਲ ਆੜਤੀਆ ਨੂੰ ਆ ਰਹੀ ਪ੍ਰੇਸ਼ਾਨੀ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਅੱਜ ਦਾਣਾ ਮੰਡੀ ਜੰਡਿਆਲਾ ਗੁਰੂ ਵਿਖੇ ਆੜਤੀ ਅਤੇ ਮਜਦੂਰਾਂ ਵੱਲੋਂ ਖਰੀਦ ਏਜੰਸੀਆਂ ਅਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਦੀ ਟੀਮ ਵੱਲੋਂ ਆੜਤੀਆਂ ਨਾਲ ਗੱਲ ਬਾਤ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਕਣਕ ਦੀ ਪ੍ਰੇਜ ਹੋਈ ਨੂੰ ਲੱਗਭੱਗ ਇੱਕ ਮਹੀਨੇ ਤੋਂ ਉਪਰ ਸਮਾਂ ਹੋ ਚੁੱਕਾ ਹੈ ਪਰ ਖਰੀਦ ਏਜੰਸੀਆਂ ਕਣਕ ਦੀ ਲਿਫਟਿੰਗ ਨਹੀਂ ਕਰਵਾ ਰਹੀਆਂ ਜਿਸ ਕਾਰਨ ਪ੍ਰਦੇਸ਼ੀ ਮਜਦੂਰਾਂ ਨੂੰ ਵੀ ਖੱਜਲ ਖਵਾਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਆੜਤੀਆਂ ਵੱਲੋਂ ਆਪਣੇ ਕੋਲੋਂ ਪੈਸੇ ਖਰਚ ਕਰਕੇ ਚੱਕੇ ਲਵਾਏ ਹਨ। ਲਿਫਟਿੰਗ ਦਾ ਠੇਕੇਦਾਰ ਅਤੇ ਖਰੀਦ ਏਜੰਸੀਆਂ ਕਣਕ ਨਹੀਂ ਚੁੱਕ ਰਹੇ ਜਿਸ ਕਾਰਣ ਆੜਤੀਆਂ ਵਿੱਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਆੜਤੀਆਂ ਨੂੰ ਬਲੈਕ ਮੇਲ ਕਰ ਰਹੇ ਹਨ ਅਤੇ 2-3 ਰੁਪਏ ਪ੍ਰਤੀ ਤੋੜਾ ਰਿਸ਼ਵਤ ਮੰਗ ਰਹੇ ਹਨ ਕਣਕ ਲੱਦਣ ਦਾ ਉਨ੍ਹਾਂ ਕਿਹਾ ਕਿ ਇਹ ਆੜਤੀਆਂ ਦਾ ਸ਼ੋਸ਼ਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਰਮਾਤਮਾ ਦੀ ਕਿਰਪਾ ਹੈ ਕਿ ਅਜੇ ਤੱਕ ਬਰਸਾਤ ਨਹੀਂ ਹੋਈ ਜੇਕਰ ਬਰਸਾਤ ਹੋ ਗਈ ਤਾਂ ਸਾਰੀ ਕਣਕ ਮੰਡੀ ਵਿੱਚ ਖਰਾਬ ਹੋ ਜਾਣੀ ਹੈ ਇਸ ਸਭ ਲਈ ਆੜਤੀਏ ਬਿਲਕੁੱਲ ਜਿੰਮੇਵਾਰ ਨਹੀਂ ਹੋਣਗੇ। ਇਸ ਦੀ ਜਿੰਮੇਵਾਰ ਪੰਜਾਬ ਸਰਕਾਰ ਹੋਵੇਗੀ ਅਤੇ ਜਾਂ ਫਿਰ ਖਰੀਦ ਏਜੰਸੀਆਂ ਅਤੇ ਠੇਕੇਦਾਰ ਹੋਵੇਗਾ। ਇਸ ਮੌਕੇ ਆੜਤੀਆ ਐਸੋਸੀਏਸਨ ਦੇ ਪ੍ਰਧਾਨ ਮਨਜਿੰਦਰ ਸਿੰਘ ਸਰਜਾ ਨੇ ਕਿਹਾ ਕਿ ਲੱਗਭੱਗ ਡੇਢ ਲੱਖ ਕੱਟਾ ਕਣਕ ਦਾ ਖੁੱਲੇ ਆਸਮਾਨ ਥੱਲੇ ਪਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜਿਹੜੀ ਸ਼ੌਟਿਜ ਆਵੇਗੀ ਉਸ ਦੀ ਜਿੰਮੇਵਾਰ ਖਰੀਦ ਏਜੰਸੀਆਂ ਅਤੇ ਠੇਕੇਦਾਰ ਹੋਵੇਗਾ। ਆੜਤੀਆਂ ਵੱਲੋਂ ਚੇਤਾਵਨੀ ਦਿੱਤੀ ਗਈ ਕਿ ਜੇਕਰ ਜਲਦੀ ਜੰਡਿਆਲਾ ਗੁਰੂ ਮੰਡੀ ਵਿੱਚੋਂ ਕਣਕ ਨਾ ਚੁੱਕੀ ਗਈ ਤਾਂ ਖਰੀਦ ਏਜੰਸੀਆਂ ਦੇ ਦਫਤਰ ਦੇ ਬਾਹਰ ਧਰਨਾ ਮੁਜਾਹਰਾ ਕੀਤਾ ਜਾਵੇਗਾ।

# ਨਵੇਂ ਸ਼ੈਸ਼ਨ ਦੌਰਾਨ ਯੂਨੀਵਰਸਿਟੀ ਕਾਲਜ ਮੀਰਾਂਪੁਰ ਸੋਲਿਡ ਵੇਸਟ ਮੈਨੇਜਮੈਂਟ ਅਤੇ ਬੈਂਕਿੰਗ ਐਂਡ ਫਾਈਨਾਂਸ ਤੇ ਸ਼ੁਰੂ ਕਰਵਾਏਗਾ ਸਰਟੀਫਿਕੇਟ ਤੇ ਡਿਪਲੋਮਾ ਕੋਰਸ : ਡਾ. ਸੁਰਜੀਤ ਪੁਆਰ



**ਪਟਿਅਲਾ/ਦੇਵੀਗੜ/ਇਕਬਾਲ ਸਿੰਘ**

ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਚੱਲ ਰਹੇ ਕਾਂਸਟੀਚੂਐਂਟ ਕਾਲਜ ਮੀਰਾਂਪੁਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੋਫੈਸਰ ਸੁਰਜੀਤ ਸਿੰਘ ਪੁਆਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਸ਼ੈਸ਼ਨ 2022-23 ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਅਰਵਿੰਦ ਦੀ ਰਹਿਨੁਮਈ ਹੇਠ ਅਤੇ ਡਾਇਰੈਕਟਰ ਕਾਂਸਟੀਚੂਐਂਟ ਕਾਲਜਾਂ ਤ੍ਰਿਸ਼ਨਜੀਤ ਕੌਰ ਦੀ ਅਗਵਾਈ ਹੇਠ ਇਲਾਕੇ ਦੇ ਵਿਦਿਆਰਥੀਆਂ ਲਈ ਬੀ.ਏ., ਬੀ.ਕਾਮ, ਬੀ.ਸੀ.ਏ., ਬੀ.ਬੀ.ਏ., ਐਮ.ਕਾਮ. ਅਤੇ ਪੀ.ਜੀ.ਡੀ.ਸੀ.ਸੀ.ਏ. ਤੋਂ ਇਲਾਵਾ ਕੁਝ ਨਵੇਂ ਕੋਰਸ ਸ਼ੁਰੂ ਕਰਨ ਜਾ ਰਹੇ ਹਾਂ। ਇਨਾਂ ਕੋਰਸਾਂ ਨੂੰ ਕਰਕੇ ਵਿਦਿਆਰਥੀ ਆਪਣਾ ਕੈਰੀਅਰ ਬਣਾ ਸਕਦੇ ਹਨ ਅਤੇ ਉਹਨਾਂ ਨੂੰ ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ਾਂ ਵਿੱਚ ਵੀ ਨਹੀਂ ਜਾਣਾ ਪਵੇਗਾ। ਉਨਾਂ ਦੱਸਿਆ ਕਿ ਜਿਵੇਂ ਹਸਪਤਾਲਾਂ, ਫੈਕਟਰੀਆਂ ਅਤੇ ਘਰਾਂ ਚੋਂ ਨਿਕਲਣ ਵਾਲਾ ਸੋਲਿਡ ਵੇਸਟ ਦਾ ਸਹੀ ਪ੍ਰਬੰਧਨ ਕਰਕੇ ਵਿਦਿਆਰਥੀ ਆਪਣਾ ਕੈਰੀਅਰ ਬਣਾ ਸਕਦੇ ਹਨ। ਉਹਨਾਂ ਦੱਸਿਆ ਕਿ ਜੁਲਾਈ ਮਹੀਨੇ ਨਵੇਂ ਸ਼ੈਸ਼ਨ ਦੌਰਾਨ ਸੋਲਿਡ ਵੇਸਟ ਮੈਨੇਜਮੈਂਟ ਅਤੇ ਬੈਕਿੰਗ ਐਂਡ ਫਾਈਨਾਂਸ ਕੋਰਸ ਸ਼ੁਰੂ ਕਰਵਾਏ ਜਾਣਗੇ। ਉਹਨਾਂ ਦੱਸਿਆ ਕਿ ਇਹਨਾਂ ਕੋਰਸਾਂ ਦਾ ਮਕਸਦ ਠੋਸ ਪ੍ਰਬੰਧਨ ਨਾਲ ਜੁੜੀਆਂ ਸਾਰੀਆਂ ਜਾਣਕਾਰੀਆਂ ਵਿਦਿਆਰਥੀਆਂ ਨੂੰ ਦੇਣੀਆਂ ਹਨ। ਇਸ ਵਿਸ਼ੇ ਨਾਲ ਜੁੜਨ ਵਾਲੇ ਸਾਰੇ ਵਿਦਿਆਰਥੀਆਂ ਲਈ ਇਹ ਕੋਰਸ ਲਾਭਦਾਇਕ ਹੋਵੇਗਾ। ਜੋ ਵੀ ਵਿਦਿਆਰਥੀ ਇਹਨਾਂ ਕੋਰਸਾਂ ਵਿੱਚ ਦਾਖਲਾ ਲੈ ਕੇ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਨ ਉਹ ਵਿਸ਼ੇ ਵਿੱਚ ਦਾਖਲਾ ਲੈ ਸਕਦੇ ਹਨ। ਉਹਨਾਂ ਦੱਸਿਆ ਕਿ ਇਨਾਂ ਸਾਰੇ ਕੋਰਸਾਂ 'ਚ ਦਾਖਲਾ ਲੈਣ ਲਈ ਵਿਦਿਆਥੀ ਦਾ ਬਾਰਵੀਂ ਪਾਸ ਹੋਣਾ ਜਰੂਰੀ ਹੈ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਡਾ. ਨਰੇਸ਼ ਬਾਤਿਸ਼ ਨੇ ਦੱਸਿਆ ਕਿ ਸ਼ਹਿਰਾਂ ਦੀਆਂ ਮਿਉਂਸਪਲ ਕਾਰਪੋਰੇਸ਼ਨਾਂ ਜੋ ਕੂੜਾ ਕਰਕਟ ਇਕੱਠਾ ਕਰਦੀਆਂ ਹਨ ਉਹਨਾਂ ਦਾ ਸਹੀ ਉਪਯੋਗ ਅਤੇ ਯੋਗ ਪ੍ਰਬੰਧ ਕਰਨ ਬਾਰੇ ਵੀ ਸਿਖਾਇਆ ਜਾਵੇਗਾ। ਉਹਨਾਂ ਕਿਹਾ ਕਿ ਸੋਲਿਡ ਵੇਸਟ ਮੈਨੇਜਮੈਂਟ ਐਕਟ 2016 ਦੇ ਬਾਰੇ ਵੀ ਵਿਦਿਆਰਥੀਆਂ ਨੂੰ ਪੜਾਇਆ ਜਾਵੇਗਾ। ਉਹਨਾਂ ਦੱਸਿਆ ਕਿ ਇਹਨਾਂ ਕੋਰਸਾਂ ਲਈ 40-40 ਸੀਟਾਂ ਰੱਖੀਆਂ ਗਈਆਂ ਹਨ। ਇਸ ਕੋਰਸ ਨੂੰ ਮੁਲਾਜਮ ਵੀ ਹਫਤੇ 'ਚ ਤਿੰਨ ਦਿਨ ਸ਼ਾਮ ਦੇ ਸਮੇਂ ਕਲਾਸਾਂ ਲਗਾ ਕੇ ਕਰ ਸਕਦਾ ਹੈ। ਇਸ ਮੌਕੇ ਉਹਨਾਂ ਕਿਹਾ ਕਿ ਵਿਦਿਆਰਥੀ ਬੈਕਿੰਗ ਐਂਡ ਫਾਈਨਾਂਸ ਦਾ ਕੋਰਸ ਕਰਕੇ ਬੈਕਿੰਗ ਖੇਤਰ 'ਚ ਆਪਣਾ ਕੈਰੀਅਰ ਬਣਾ ਸਕਦੇ ਹਨ।

# ਮੀਤ ਪ੍ਰਧਾਨ ਗੁਰਮੀਤ ਮੁਖੀਜਾ ਦਾ ਆੜ੍ਹਤੀ ਐਸੋਸੀਏਸ਼ਨ ਧਰਮਕੋਟ ਵੱਲੋਂ ਸਨਮਾਨ



**ਧਰਮਕੋਟ/ਦਵਿੰਦਰ ਸਿੰਘ ਬਿੱਟੂ :-** ਨਗਰ ਕੌਂਸਲ ਧਰਮਕੋਟ ਦੇ ਨਵੇਂ ਬਣੇ ਮੀਤ ਪ੍ਰਧਾਨ ਗੁਰਮੀਤ ਮੁਖੀਜਾ ਦਾ ਆੜ੍ਹਤੀ ਐਸੋਸੀਏਸ਼ਨ ਧਰਮਕੋਟ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਸ਼ੋਕ ਕੁਮਾਰ ਖੁੱਲਰ, ਗੁਰਤਾਰ ਸਿੰਘ ਕਮਾਲਕੇ, ਰਾਜਾ ਬੱਤਰਾ ਨੇ ਕਿਹਾ ਕਿ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਗੁਰਮੀਤ ਮੁਖੀਜਾ ਨੂੰ ਨਗਰ ਕੌਂਸਲ ਦਾ ਮੀਤ ਪ੍ਰਧਾਨ ਬਣਾ ਕੇ ਬਹੁਤ ਹੀ ਵਧੀਆ ਫੈਸਲਾ ਕੀਤਾ ਹੈ।

ਇਸ ਮੌਕੇ ਮੀਤ ਪ੍ਰਧਾਨ ਗੁਰਮੀਤ ਮੁਖੀਜਾ ਨੇ ਸਮੂਹ ਆੜ੍ਹਤੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਤਾਰ ਸਿੰਘ ਕਮਾਲ ਕੇ, ਗੋਪਾਲ ਕ੍ਰਿਸ਼ਨ ਪਾਲੀ, ਸਪਨ ਗੁਪਤਾ, ਅਸ਼ੋਕ ਕੁਮਾਰ ਖੁੱਲਰ, ਗੁਰਮੇਲ ਸਿੰਘ ਸਿੱਧੂ ਸਾਬਕਾ ਪ੍ਰਧਾਨ, ਹਰਜਿੰਦਰ ਸਿੰਘ ਬਾਜੇਕੇ, ਸੁਸ਼ੀਲ ਕੁਮਾਰ ਸਾਬਕਾ ਕੌਂਸਲਰ, ਬਲਰਾਜ ਸਿੰਘ ਕਲਸੀ, ਕਿਸ਼ਨਹਾਂਸ, ਚਮਕੌਰ ਸਿੰਘ ਕੌਂਸਲਰ, ਸੁਰਜੀਤ ਕੁਮਾਰ ਕੌੜਾ, ਜਿਊਣ ਸਿੰਘ, ਪ੍ਰਿਤਪਾਲ ਸਿੰਘ ਗਿੱਲ, ਹਰਭਜਨ ਸਿੰਘ, ਦੀਪਕ ਗਾਬਾ, ਪਿੰਦਰ ਸਿੱਧੂ, ਅਸ਼ਵਨੀ ਕੁਮਾਰ ਜੱਸੀ, ਸੁਖਵਿੰਦਰ ਸ਼ਰਮਾ, ਗੁਰਮੀਤ ਸਿੰਘ ਭਾਈ, ਉਮੇਸ਼ ਕੁਮਾਰ ਗੋਲਡੀ, ਮਨੀ ਮਠਾੜੂ, ਪਵਨ ਕੁਮਾਰ ਰੈਲੀਆ ਆਦਿ ਵੀ ਹਾਜ਼ਰ ਸਨ।

# ਸਿਹਤ ਬਲਾਕ ਦੁੱਧਨਸਾਧਾਂ ਵਿਚ ਮਨਾਇਆ ਗਿਆ ਰਾਸ਼ਟਰੀ ਡੇਂਗੂ ਦਿਵਸ



**ਪਟਿਆਲਾ/ਇਕਬਾਲ ਸਿੰਘ**

ਡਾ. ਰਾਜੂ ਧੀਰ ਸਿਵਲ ਸਰਜਨ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ. ਪ੍ਰਸ਼ਾਂਤ ਗੌਤਮ ਸੀਨੀਅਰ ਮੈਡੀਕਲ ਅਫਸਰ ਬਲਾਕ ਦੁੱਧਨਸਾਧਾਂ ਦੀ ਰਹਿਨੁਮਾਈ ਹੇਠ ਸਿਹਤ ਬਲਾਕ ਦੁੱਧਨਸਾਧਾਂ ਵਿਖੇ ਰਾਸ਼ਟਰੀ ਡੇਂਗੂ ਦਿਵਸ ਦਾ ਮੁੱਖ ਜਾਗਰੂਕਤਾ ਸਮਾਗਮ ਅਤੇ ਬਲਾਕ ਵਿਚ ਪੈਂਦੇ ਵੱਖ ਵੱਖ ਸਬ ਸੈਂਟਰਾਂ ਵਿਚ ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ। ਇਸ ਮੌਕੇ ਬੋਲਦਿਆਂ ਡਾ. ਜਸਪ੍ਰੀਤ ਸਿੰਘ ਭੱਟੀ ਨੇ ਦੱਸਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ਼ ਅਜਿਪਟੀ ਨਾ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਜੋ ਕਿ ਇਹ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿਚ ਪਾਇਆ ਜਾਂਦਾ ਹੈ। ਉਹਨਾਂ ਡੇਂਗੂ ਬੁਖਾਰ ਦੇ ਲੱਛਣਾਂ ਬਾਰੇ ਬੋਲਦਿਆਂ ਦੱਸਿਆ ਕਿ ਤੇਜ਼ ਬੁਖਾਰ ਸਿਰ ਦਰਦ, ਅੱਖਾਂ, ਦੇ ਪਿਛਲੇ ਹਿੱਸੇ ਵਿਚ ਦਰਦ, ਮਾਸ ਪੇਸੀਆਂ ਅਤੇ ਜੋੜਾਂ ਵਿਚ ਦਰਦ, ਜੀ ਕੱਚਾ ਹੋਣਾ ਅਤੇ ਉਲਟੀਆਂ ਆਉਣਾ, ਥਕਾਵਟ ਮਹਿਸੂਸ ਹੋਣਾ, ਚਮੜੀ ਦੇ ਦਾਣੇ ਅਤੇ ਹਾਲਤ ਖਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖੂਨ ਵਗਣਾ, ਥਕਾਵਟ ਮਹਿਸੂਸ ਹੋਣਾ, ਚਮੜੀ ਦੇ ਦਾਣੇ ਅਤੇ ਹਾਲਤ ਖਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖੂਨ ਵਗਣਾ ਇਸ ਦੇ ਲੱਛਣ ਹਨ। ਡੇਂਗੂ ਬੁਖਾਰ ਦੇ ਬਚਾਓ ਦੇ ਤਰੀਕਿਆਂ ਬਾਰੇ ਬੋਲਦਿਆਂ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਕੂਲਰਾਂ, ਗਮਲਿਆਂ ਅਤੇ ਫਰਿਜ਼ਾਂ ਦੀਆਂ ਟਰੇਆਂ ਵਿਚ ਖੜੇ ਪਾਣੀ ਨੂੰ ਹਫਤੇ ਵਿਚ ਇੱਕ ਵਾਰ ਚੰਗੀ ਤਰ੍ਹਾਂ ਸਾਫ ਕਰਕੇ ਸੁਕਾਓ। ਛੱਤਾਂ ਦੇ ਉੱਪਰ ਰੱਖੀਆਂ ਪਾਣੀ ਦੀਆਂ ਟੈਂਕੀਆਂ ਨੂੰ ਚੰਗੀ ਤਰ੍ਹਾਂ ਬੰਦ ਕਰੋ, ਟੁੱਟੇ ਬਰਤਨਾਂ, ਡਰੱਮਾਂ ਅਤੇ ਟਾਇਰਾਂ ਨੂੰ ਖੁੱਲ੍ਹੇ ਵਿਚ ਨਾ ਰੱਖੋ। ਘਰਾਂ ਦੇ ਆਲੇ ਦੁਆਲੇ ਪਾਣੀ ਖੜਾ ਨਾ ਹੋਣ ਦਿਓ। ਉਨ੍ਹਾਂ ਕਿਹਾ ਕਿ ਇਹ ਮੱਛਰ ਦਿਨ ਵੇਲੇ ਕੱਟਦਾ ਹੈ ਇਸ ਲਈ ਅਜਿਹੇ ਕਪੜੇ ਪਹਿਨੋ ਜੋ ਪੂਰਾ ਸਰੀਰ ਢੱਕ ਦੇਣ। ਸੌਣ ਵੇਲੇ ਮੱਛਰਦਾਨੀ ਦੀ ਵਰਤੋਂ ਕਰੋ, ਘਰਾਂ ਅਤੇ ਦਫਤਰਾਂ ਵਿਚ ਭਜਾਓ ਕਰੀਮਾਂ, ਤੇਲ ਆਦਿ ਦੀ ਵਰਤੋਂ ਕਰੋ। ਉਨ੍ਹਾਂ ਕਿਹਾ ਕਿ ਜੇਕਰ ਤੁਹਾਨੂੰ ਉਪਰ ਦੱਸੇ ਲੱਛਣ ਨਜ਼ਰ ਆਉਂਦੇ ਹੋਣ ਤਾਂ ਨੇੜੇ ਦੇ ਹਸਪਤਾਲ ਨਾਲ ਸੰਪਰਕ ਕਰੋ। ਡੇਂਗੂ ਬੁਖਾਰ ਦਾ ਟੈਸਟ ਅਤੇ ਸਪੋਟਿਵ ਇਲਾਜ ਸੂਬੇ ਦਾ ਸਰਕਾਰੀ ਹਸਪਤਾਲਾਂ ਵਿਚ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਡਾ. ਅਨੁਜ ਬਾਂਸਲ, ਡਾ. ਅਮਨਦੀਪ ਸਿੰਘ ਸੋਹਲ, ਸੁਰਿੰਦਰਪਾਲ ਕੌਰ ਐਲ.ਐਚ.ਵੀ., ਅਮਰਜੀਤ ਸਿੰਘ ਮੇਲ ਵਰਕਰ, ਪਰਮਜੀਤ ਕੌਰ ਏ.ਐਨ.ਐਮ., ਬੂਟਾ ਗਿਰ ਜਗਦੀਪ ਸਿੰਘ ਅਤੇ ਵੱਡੀ ਗਿਣਤੀ ਵਿਚ ਮਰੀਜ਼ ਹਾਜ਼ਰ ਸਨ।



# ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨੇ ਡੇਂਗੂ ਫੈਲਣ ਤੋਂ ਰੋਕਣ ਦੇ ਉਪਰਾਲਿਆਂ ਦੀ ਰੂਪ ਰੇਖਾ ਉਲੀਕਣ ਲਈ ਕੀਤੀ ਵਿਭਾਗਾਂ ਨਾਲ ਮੀਟਿੰਗ

**ਮੋਗਾ/ਦਵਿੰਦਰ ਸਿੰਘ ਬਿੱਟੂ:-** ਡੇਗੂ ਫੈਲਣ ਤੋਂ ਰੋਕਣਾ ਸਾਡੀ ਸਭਨਾਂ ਦੀ ਸਾਂਝੀ ਜਿੰਮੇਵਾਰੀ ਹੈ ਅਤੇ ਇਸਦੇ ਖਾਤਮੇ ਲਈ ਹਰ ਨਾਗਰਿਕ ਦੇ ਜਾਗਰੂਕ ਹੋਣ ਦੀ ਲੋੜ ਹੈ।

ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀਮਤੀ ਜੋਤੀ ਬਾਲਾ ਮੱਟੂ ਨੇ ਡੇਂਗੂ, ਚਿਕਨਗੁਨੀਆ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦੇ ਭਿਆਨਕ ਰੋਗ ਤੋਂ ਰੋਕਥਾਮ ਲਈ ਵੱਖ ਵੱਖ ਵਿਭਾਗਾਂ ਦੀ ਬੁਲਾਈ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ. ਮੋਗਾ ਸ੍ਰੀ ਸਤਵੰਤ ਸਿੰਘ, ਐਸ.ਡੀ.ਐਮ. ਨਿਹਾਲ ਸਿੰਘ ਵਾਲਾ ਸ੍ਰੀ ਰਾਮ ਸਿੰਘ, ਸਿਵਲ ਸਰਜਨ ਮੋਗਾ ਡਾ. ਹਿਤਿੰਦਰ ਕਲੇਰ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਦੇ ਮੁਖੀ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਵਧੀਕ ਡਿਪਟੀ ਕਮਿਸ਼ਨਰ ਨੇ ਇਸ ਮੌਕੇ ਵੱਖ ਵੱਖ ਵਿਭਾਗਾਂ ਨੂੰ ਡੇਂਗੂ ਅਤੇ ਚਿਕਨਗੁਨੀਆਂ ਨੂੰ ਫੈਲਣ ਤੋਂ ਰੋਕਣ ਲਈ ਵੱਖ ਵੱਖ ਜਾਗਰੂਕਤਾ ਗਤੀਵਿਧੀਆਂ ਅਤੇ ਹਰ ਸ਼ੁੱਕਰਵਾਰ ਡ੍ਰਾਈ ਡੇ ਨੂੰ ਜੰਗੀ ਪੱਧਰ 'ਤੇ ਚਲਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਡੇਂਗੂ ਅਤੇ ਚਿਕਨਗੁਨੀਆਂ ਨੂੰ ਫੈਲਣ ਤੋਂ ਰੋਕਣ ਲਈ ਕੀਤੇ ਜਾ ਸਕਣ ਵਾਲੇ ਉਪਰਾਲਿਆਂ ਦੀ ਰੂਪ ਰੇਖਾ ਉਲੀਕਣ ਲਈ ਬੁਲਾਈ ਗਈ ਹੈ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਨਗਰ ਨਿਗਮ ਦੇ ਸਹਿਯੋਗ ਨਾਲ ਡੇਂਗੂ ਦੇ ਲਾਰਵੇ ਨੂੰ ਖਤਮ ਕਰਨ ਲਈ ਢੁਕਵੇਂ ਅਤੇ ਪ੍ਰਭਾਵਸ਼ਾਲੀ ਕਦਮ ਚੁੱਕਣ ਨੂੰ ਯਕੀਨੀ ਬਣਾਉਣ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਕਿਸੇ ਨਿਜੀ ਵਿਅਕਤੀ, ਸੰਸਥਾ ਜਾਂ ਸਰਕਾਰੀ ਅਦਾਰੇ ਅੰਦਰ ਡੇਂਗੂ ਦਾ ਲਾਰਵਾ ਪਾਏ ਜਾਣ ਤੇ ਉਸਨੂੰ ਤੁਰੰਤ ਨਸ਼ਟ ਕਰਵਾਇਆ ਜਾਵੇ। ਟਾਇਰਾਂ, ਫਰਿੱਜਾਂ, ਕੂਲਰਾਂ, ਪੰਛੀਆਂ ਵਾਸਤੇ ਰੱਖੇ ਗਏ ਪਾਣੀ ਵਾਲੇ ਬਰਤਨਾਂ ਦੀ ਚੈਕਿੰਗ ਯਕੀਨੀ ਬਣਾਈ ਜਾਵੇ।

# ਵਿਦੇਸ਼ ਵਿੱਚ ਰਹਿੰਦੇ ਹੋਏ ਵੀ ਆਪਣੇ ਮੁੱਢਲੇ ਸਕੂਲ ਨਾਲ ਜੁੜੇ ਰਹਿਣਾ ਮਾਣ ਵਾਲੀ ਗੱਲ: ਸਿਮਰਨਜੀਤ ਪਠਾਣਮਾਜਰਾ



**ਪਟਿਆਲਾ/ਦੇਵੀਗੜ੍ਹ/ਇਕਬਾਲ ਸਿੰਘ:-** ਇਥੋਂ ਥੋੜੀ ਦੂਰ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਭਗਵਾਨਪੁਰ ਜੱਟਾਂ ਵਿਖੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਅਤੇ ਸਮਾਜ ਸੇਵਕਾਂ ਦੇ ਯਤਨਾ ਸਦਕਾ ਸਕੂਲ ਦੇ ਪੁਰਾਣੇ ਵਿਦਿਆਰਥੀ ਜਸਵਿੰਦਰ ਸਿੰਘ ਸਮਰਾ ਵਾਸੀ ਨੰਦਗੜ੍ਹ ਜੋ ਕਿ ਹੁਣ ਵਿਦੇਸ਼ ਰਹਿੰਦੇ ਹਨ ਨੇ ਸਕੂਲ ਦੇ ਵਿਦਿਆਰਥੀਆਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਵਿਖੇ ਇੱਕ ਲੱਖ ਗਿਆਰਾਂ ਹਜ਼ਾਰ ਦੀ ਲਾਗਤ ਨਾਲ ਵਿਦਿਆਰਥੀਆਂ ਦੀ ਸਹੂਲਤ ਲਈ ਸਾਈਕਲ ਸ਼ੈਡ ਦੀ ਉਸਾਰੀ ਕਰਵਾ ਕੇ ਸਕੂਲ ਨੂੰ ਸਮਰਪਿਤ ਕੀਤਾ। ਜਿਸ ਦਾ ਰਸਮੀਂ ਉਦਘਾਟਨ ਉਹਨਾਂ ਦੇ ਪਿਤਾ ਸੁਰਿੰਦਰ ਸਿੰਘ ਸਮਰਾ ਨੇ ਕੀਤਾ। ਇਸ ਮੌਕੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਗੈਰ ਮੌਜੂਦਗੀ ਵਿੱਚ ਉਹਨਾਂ ਦੀ ਸੁਪਤਨੀ ਸਿਮਰਨਜੀਤ ਕੌਰ ਪਠਾਣਮਾਜਰਾ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਸਿਮਰਨਜੀਤ ਕੌਰ ਨੇ ਕਿਹਾ ਕਿ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸਕੂਲ ਦੇ ਪੁਰਾਣੇ ਵਿਦਿਆਰਥੀ ਜਸਵਿੰਦਰ ਸਿੰਘ ਸਮਰਾ ਜੋ ਕਿ ਵਿਦੇਸ਼ 'ਚ ਰਹਿੰਦੇ ਹੋਏ ਵੀ ਆਪਣੇ ਸਕੂਲ ਨਾਲ ਇੰਨਾਂ ਪਿਆਰ ਰੱਖਦੇ ਹਨ ਅਤੇ ਵਿੱਤੀ ਮਦਦ ਭੇਜੀ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਜਲਦ ਸਰਕਾਰੀ ਸਕੂਲਾਂ ਲਈ ਸਕੀਮਾਂ ਲੈ ਕੇ ਆ ਰਹੀ ਹੈ ਤਾਂ ਕਿ ਸਕੂਲਾਂ ਨੂੰ ਜੋ ਵੀ ਮੁਸ਼ਕਲਾਂ ਆ ਰਹੀਆਂ ਹਨ ਉਹਨਾਂ ਨੂੰ ਜਲਦ ਦੂਰ ਕੀਤਾ ਜਾ ਸਕੇ। ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਲੈਕਚਰਾਰ ਨਿਰੰਜਣ ਸਿੰਘ ਨੰਜਾ ਨੇ ਨਿਭਾਈ। ਇਸ ਮੌਕੇ ਸਾਹਿਬ ਸਿੰਘ ਘੜਾਮ, ਜਗਜੀਵਨ ਸਿੰਘ ਰੋਹੜ ਜਗੀਰ, ਜੱਸਾ ਸਿੰਘ ਕੋਟਲਾ, ਜਸਦੇਵ ਸਿੰਘ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਭਾਖੜਾ ਨਹਿਰ ਵਿੱਚ ਡੁੱਬੇ ਲੜਕਿਆਂ ਦੇ ਪਰਿਵਾਰਾਂ ਨੂੰ ਮਾਲੀ ਮਦਦ ਲਈ ਡੀ.ਸੀ. ਨੂੰ ਮਿਲਾਂਗੇ: ਬਹਿਰੂ



**ਪਟਿਆਲਾ/ਦੇਵੀਗੜ੍ਹ/ਇਕਬਾਲ ਸਿੰਘ**

ਕਸਬਾ ਭਨੁਰਹੇੜੀ ਦੇ ਦੋ ਬਾਰਵੀਂ ਜਮਾਤ ਦੇ ਵਿਦਿਆਰਥੀ ਬੀਤੇ ਦਿਨੀਂ ਪਾਟਿਆਲਾ ਕੋਲੋਂ ਲੰਘਦੀ ਭਾਖੜਾ ਨਹਿਰ ਪਸਿਆਣਾ ਵਾਲੇ ਪੁਲਾਂ ਕੋਲ ਨਹਾਉਣ ਸਮੇਂ ਪਾਣੀ ਦੇ ਤੇਜ਼ ਵਹਾਅ ਕਾਰਨ ਡੁੱਬ ਗਏ ਸਨ। ਇਹਨਾਂ ਦੋਨਾਂ ਵਿਦਿਆਰਥੀਆਂ ਦੀ ਉਮਰ 18/18 ਸਾਲ ਤੇ ਦੋਨਾਂ ਦਾ ਨਾਮ ਵੀ ਇੱਕੋ ਸਾਹਿਲ ਸੀ। ਇਹਨਾਂ ਦੇ ਪੇਪਰ ਵੀ ਸੋਮਵਾਰ ਹੋਣ ਵਾਲੇ ਸੀ। ਇਹ ਵਾਪਰੀ ਦੁੱਖ ਦਾਇਕ ਘਟਨਾ ਨਾਲ ਇਲਾਕੇ ਵਿੱਚ ਸਗੋਂ ਦੀ ਲਹਿਰ ਫੈਲ ਗਈ ਹੈ ਅਤੇ ਲੋਕ ਬੱਚਿਆਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰ ਰਹੇ ਹਨ ਉਥੇ ਅੱਜ ਇੰਡੀਅਨ ਫਰਾਮਰਜ ਐਸੋਸੀਏਸ਼ਨ ਦੇ ਕੋਮੀ ਪ੍ਰਧਾਨ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਸਤਨਾਮ ਸਿੰਘ ਬਹਿਰੂ ਨੇ ਮ੍ਰਿਤਕ ਸਾਹਿਲ ਦੇ ਪਿਤਾ ਕੁਲਵਿੰਦਰ ਸਿੰਘ ਨਾਲ ਉਸਦੇ ਇਕਲੌਤੇ ਪੁੱਤਰ ਦੀ ਹੋਈ ਮੌਤ ਦਾ ਦੁੱਖ ਸਾਂਝਾ ਕੀਤਾ ਅਤੇ ਇਸੇ ਹੀ ਪਿੰਡ ਦੇ ਮ੍ਰਿਤਕ ਦੂਜੇ ਲੜਕੇ ਦੇ ਪਰਿਵਾਰ ਨੂੰ ਮਿਲ ਕੇ ਹੌਸਲਾ ਦਿੱਤਾ। ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਦੋਵੇਂ ਪੀੜਿਤ ਪਰਿਵਾਰ ਆਰਥਿਕ ਤੌਰ ਕਮਜ਼ੋਰ ਹਨ ਅਤੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਰੈਡ ਕਰਾਸ ਰਾਹੀਂ ਆਰਥਿਕ ਮੱਦਦ ਕਰਨੀ ਚਾਹੀਦੀ ਹੈ। ਵਰਣਨਯੋਗ ਹੈ ਕਿ ਇਹਨਾਂ ਦੋਨਾਂ ਮ੍ਰਿਤਕ ਲੜਕਿਆਂ ਦੀਆਂ ਲਾਸ਼ਾਂ ਦੂਜੇ ਦਿਨ ਤੱਕ ਵੀ ਭਾਖੜਾ ਨਹਿਰ ਵਿਚੋਂ ਨਾ ਮਿਲਣ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਹਰਿਆਣਾ ਵਿੱਚੋਂ ਗੋਤਾਖੋਰ ਮੰਗਵਾਏ ਗਏ ਹਨ।

# ਕਿਸੇ ਗਰੀਬ ਲੋੜਵੰਦ ਦੀ ਮਦਦ ਕਰਨਾ ਪਰਮਾਤਮਾ ਦੇ ਸਿਮਰਨ ਨਾਲੋਂ ਵੀ ਵੱਡਾ ਉਪਰਾਲਾ



**ਜੰਡਿਆਲਾ ਗੁਰੂ / ਜਸਪਾਲ ਸ਼ਰਮਾ**

ਕਿਸੇ ਗਰੀਬ ਲੋੜਵੰਦ ਦੀ ਮਦਦ ਕਰਨਾ ਪਰਮਾਤਮਾ ਦੇ ਸਿਮਰਨ ਨਾਲੋਂ ਵੀ ਵੱਡਾ ਉਪਰਾਲਾ ਹੈ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਵੱਖ ਵੱਖ ਅਹੁਦਿਆਂ ਉਪਰ ਬਿਰਾਜਮਾਨ ਅਤੇ ਉਘੇ ਸਮਾਜ ਸੇਵਕ ਵਰਿੰਦਰ ਸਿੰਘ ਮਲਹੋਤਰਾ ਨੇ ਕਿਹਾ ਕਿ ਜੰਡਿਆਲਾ ਗੁਰੂ ਗੁਰਦੁਆਰਾ ਬਾਬਾ ਹੰਦਾਲ ਦੇ ਨਜ਼ਦੀਕ ਰਹਿੰਦੇ ਗਰੀਬ ਪਰਿਵਾਰ ਦੀ ਇਕ ਲੜਕੀ ਲਵਪ੍ਰੀਤ ਕੌਰ ਪੁੱਤਰੀ ਕਸ਼ਮੀਰ ਸਿੰਘ ਪਿਛਲੇ ਕਰੀਬ 30 ਦਿਨ ਤੋਂ ਟੀ ਬੀ ਦੀ ਬਿਮਾਰੀ ਕਾਰਨ ਹਸਪਤਾਲ ਦਾਖਿਲ ਹੈ। ਪੀੜਤ ਲੜਕੀ ਦੀ ਮਾਤਾ ਦਾ ਇਕ ਮਹੀਨਾ ਪਹਿਲਾਂ ਅਤੇ ਨੌਜਵਾਨ ਇਕਲੌਤੇ ਭਰਾ ਦੀ ਵੀ ਮੌਤ ਹੋ ਚੁੱਕੀ ਹੈ । ਬਾਪ ਮਾਮੂਲੀ ਰਿਹੜੀ ਵਗੈਰਾ ਲਗਾਕੇ ਗੁਜ਼ਾਰਾ ਕਰਦਾ ਹੈ । ਇਕ ਛੋਟੀ ਭੈਣ ਸਪਨਾ ਸਮੇਤ ਹੁਣ ਪਰਿਵਾਰ ਦੇ ਤਿੰਨ ਮੈਂਬਰ ਹਨ । ਦੋਨੋ ਭੈਣਾਂ ਬਾਰਵੀਂ ਪਾਸ ਹਨ । ਪਿਤਾ ਵੀ ਹਸਪਤਾਲ ਬੇਟੀ ਦੇ ਧਿਆਨ ਲਈ ਬੈਠੇ ਹੋਏ ਹਨ ਜਿਸ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਔਖਾ ਹੋ ਗਿਆ ਹੈ । ਇਸ ਦੌਰਾਨ ਜੰਡਿਆਲਾ ਪ੍ਰੈਸ ਕਲੱਬ ਅਤੇ ਬਰਤਨ ਯੂਨੀਅਨ ਦੇ ਪ੍ਰਧਾਨ ਤੋਂ ਇਲਾਵਾ ਉਘੇ ਸਮਾਜ ਸੇਵਕ ਵਰਿੰਦਰ ਸਿੰਘ ਮਲਹੋਤਰਾ ਵਲੋਂ ਹਜਾਰਾਂ ਰੁਪਏ ਸ਼ੋਸ਼ਲ ਮੀਡੀਆ ਰਾਹੀਂ ਇਕੱਠੇ ਕਰਕੇ ਪੀੜਤ ਲੜਕੀ ਦੇ ਪਰਿਵਾਰ ਨੂੰ ਸੌਂਪੇ ਅਤੇ ਕਿਹਾ ਕਿ ਇਕ ਦਾਨੀ ਸੱਜਣ ਵਲੋਂ ਗੁਪਤ ਤੋਰ ਤੇ 6 ਮਹੀਨੇ ਦਾ ਰਾਸ਼ਨ ਇਸ ਪਰਿਵਾਰ ਨੂੰ ਫਰੀ ਭੇਜਿਆ ਜਾਵੇਗਾ । ਇਸ ਮੌਕੇ ਵਿਸ਼ੇਸ਼ ਤੋਰ ਤੇ ਪਹੁੰਚੇ ਚੇਅਰਮੈਨ ਸੁਨੀਲ ਦੇਵਗਨ ਪੀ ਟੀ ਸੀ ਵਾਲਿਆਂ ਵਲੋਂ ਇਕ ਕੀਮਤੀ ਹਵਾਦਾਰ ਇਲੈਕਟ੍ਰਾਨਿਕ ਬੈਡ ਵੀ ਡਾਕਟਰਾਂ ਦੇ ਕਹਿਣ ਤੇ ਤੁਰੰਤ ਮੌਕੇ ਤੇ ਲਿਆਕੇ ਦਿੱਤਾ ਗਿਆ । ਡਾਕਟਰਾਂ ਨਾਲ ਗੱਲਬਾਤ ਦੋਰਾਨ ਉਹਨਾਂ ਨੇ ਕਿਹਾ ਕਿ ਲੜਕੀ ਦਾ ਅਸੀਂ ਵਿਸ਼ੇਸ਼ ਤੋਰ ਤੇ ਧਿਆਨ ਰੱਖ ਰਹੇ ਹਾਂ ਕਿਉਂਕਿ ਪਹਿਲਾ ਹੀ ਇਸਦਾ ਨੌਜਵਾਨ ਭਰਾ ਅਤੇ ਮਾਂ ਇਸ ਬਿਮਾਰੀ ਕਾਰਨ ਪ੍ਰਮਾਤਮਾ ਨੂੰ ਪਿਆਰੇ ਹੋ ਚੁਕੇ ਹਨ । ਮੌਕੇ ਤੇ ਮੌਜੂਦ ਲੜਕੀ ਦੀ ਭੈਣ ਸਪਨਾ ਨੇ ਦੱਸਿਆ ਕਿ ਹੁਣ ਤੱਕ ਇਕ ਮਹੀਨੇ ਚ ਘਰ ਦੇ ਰਿਸ਼ਤੇਦਾਰ ਜਾਂ ਭਰਾ ਦੇ ਦੋਸਤਾਂ ਨੇ ਮਦਦ ਕੀਤੀ ਹੈ ਜਾਂ ਫਿਰ ਤੁਸੀ ਹੁਣ ਰੱਬ ਰੂਪੀ ਅਣਜਾਣ ਵਿਅਕਤੀ ਆਏ ਹੋ । ਇਸ ਦੋਰਾਨ ਵਰਿੰਦਰ ਮਲਹੋਤਰਾ ਨੇ ਕਿਹਾ ਕਿ ਅਗਰ ਕੋਈ ਹੋਰ ਦਾਨੀ ਸੱਜਣ ਗਰੀਬ ਪਰਿਵਾਰ ਦੀ ਮਦਦ ਕਰਨਾ ਚਾਹੇ ਤਾਂ ਫੋਨ ਨੰਬਰ 98889-68889 ਤੇ ਸੰਪਰਕ ਕਰ ਸਕਦੇ ਹਨ ।

# ਆਉਣ ਵਾਲੀ ਪੀੜ੍ਹੀ ਦਾ ਭਵਿੱਖ ਸੁਰੱਖਿਅਤ ਕਰਨ ਲਈ ਪਾਣੀ ਬਚਾਉਣਾ ਜ਼ਰੂਰੀ : ਮੈਡਮ ਸੁਹਿੰਦਰ ਕੌਰ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਕੈਬਨਿਟ ਮੰਤਰੀ ਹਰਭਜਨ ਸਿੰਘ ਈ .ਟੀ ਓ ਦੇ ਦਿਸ਼ਾ ਨਿਰਦੇਸ਼ ਅਤੇ ਪੰਜਾਬ ਸਰਕਾਰ ਦੇ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਉਪਰਾਲੇ ਤਹਿਤ ਬਲਾਕ ਖੇਤੀਬਾੜੀ ਅਫਸਰ ਡਾ ਮਨਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਪਿੰਡ ਮਾਲੋਵਾਲ ਵਿਖੇ ਕਿਸਾਨ ਕੈਂਪ ਲਗਾਇਆ ਗਿਆ।ਇਸ ਕੈਂ ਪ ਵਿਚ ਮੈਡਮ ਸੁਹਿੰਦਰ ਕੌਰ ਮੁੱਖ ਮਹਿਮਾਨ ਵਜੋ ਸ਼ਾਮਿਲ ਹੋਏ । ਉਹਨਾ ਸਰਕਾਰ ਦੇ ਕੀਤੇ ਕੰਮਾ ਦਾ ਵਰਣਨ ਕਰਦੇ ਹੋਏ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਨੂੰ ਸਰਕਾਰ ਵੱਲੋ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਤਾ ਜੋ ਭਵਿੱਖ ਦਾ ਸਭ ਤੋ ਅਹਿਮ ਜ਼ਰੂਰਤ ਪਾਣੀ ਨੂੰ ਬਚਾ ਸਕੀਏ । ਸਾਡੀ ਆਉਣ ਵਾਲੀ ਪੀੜੀ ਲਈ ਅਸੀ ਵੱਧ ਤੋ ਵੱਧ ਪਾਣੀ ਬਚਾ ਕੇ ਉਹਨਾ ਦਾ ਭਵਿੱਖ ਸੁਰੱਖਿਅਤ ਕਰ ਸਕੀਏ ਪਰ ਜੇ ਅਸੀ ਨਾ ਸੰਭਲੇ ਤਾ ਸਾਡੀਆਂ ਆਉਣ ਵਾਲੀਆਂ ਨਸਲਾਂ ਤਬਾਹ ਹੋ ਸਕਦੀਆਂ ਹਨ । ਉਹਨਾਂ ਕਿਹਾ ਕਿ ਬਾਣੀੌ ਵਿਚ ਵੀ ਪਾਣੀ ਨੂੰ ਪਿਤਾ ਸਮਾਨ ਮਨਿਆਂ ਗਿਆਂ ਹੈ ਇਸ ਲਈ ਬਾਣੀ ਦੇ ਸਿਧਾਤਾਂ ਤੇ ਚੱਲਕੇ ਪਾਣੀ ਬਚਾਈਏ। ਡਾ ਅਮਰਜੀਤ ਸਿੰਘ ਬੱਲ ਨੇ ਝੋਨੇ ਦੀ ਸਿੱਧੀ ਬਿਜ਼ਾਈ ਲ਼ਈ ਜ਼ਰੂਰੀ ਨੁਕਤੇ ਅਤੇ ਕੀੜੇ ਮਕੌੜਿਆਂ ਦੀ ਰੋਕਥਾਂਮ ਅਤੇ ਕੀਟਨਾਸ਼ਕਾ ਦੀ ਅੰਦਾਧੁੰਦ ਵਰਤੋ ਤੋ ਗੁਰੇਜ਼ ਕਰਨ ਲਈ ਜਾਣਕਾਰੀ ਦਿੱਤੀ ।ਡਾ. ਰੋਮੰਦਰ ਕੌਰ ਪ੍ਰੋਫੇਸਰ ਫਸਲ ਵਿਗਿਆਨ ਕੇ.ਵੀ .ਕੇ ਨੇ ਝੋਨੇ ਦੀ ਸਿੱਧੀ ਬਿਜ਼ਾਈ ਅਤੇ ਇਸ ਦੀ ਬਿਜ਼ਾਈ ਵਿਚ ਨਦੀਨਾ ਦੀ ਰੋਕਥਾਮ ਬਾਰੇ ਜਾਣਕਾਰੀ ਸਾਝੀ ਕੀਤੀ । ਡਾ. ਆਸਥਾ ਪੌਦਾ ਰੋਗ ਵਿਗਿਆਨੀ ਕੇ.ਵੀ ਕੇ ਅੰਮ੍ਰਿਤਸਰ ਨੇ ਝੋਨੇ ਦੀ ਸਿੱਧੀ ਬਿਜਾਈ ਵਿਚ ਬੀਜ਼ ਸੋਧ, ਚੂਹਿਆਂ ਦੀ ਰੋਕਥਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ । । ਡਾ. ਸੁਖਵੰਤ ਸਿੰਘ ਨੇ ਫਸਲਾ ਦੇ ਮਡੀਕਰਣ ,ਐਗਮਾਰਕ ਬਾਰੇ ,ਡਾ ਰਛਪਾਲ ਸਿੰਘ ਏ ਡੀ ਓ ਸੀਡ ਅੰਮ੍ਰਿਤਸਰ ਨੇ ਗੰਧਲੇ ਹੋ ਰਹੇ ਕੁਦਰਤੀ ਵਾਤਾਵਰਣ ਦੀ ਸੰਭਾਲ ਡਾ. ਹਰਉਪੰਿਦਰਜੀਤ ਸਿੰਘ ਏ ਡੀ ਓ ਤਰਸਿੱਕਾ ਨੇ ਝੋਨੇ ਦੀਆ ਨਵੀਆ ਕਿਸਮਾਂ ਅਤੇ ਮਿੱਟੀ ਪਰਖ ਬਾਰੇ ਜਾਣਕਾਰੀ ਸਾਂਝੀ ਕੀਤੀ ਓਤੇ ਡਾ. ਸਤਵਿੰਦਰਬੀਰ ਸਿੰਘ ਏ.ਡੀ ਓ ਨੇ ਪਾਣੀ ਦੇ ਨੀਵੇ ਜ਼ਾ ਰਹੇ ਪੱਧਰ ਤੇ ਚਿੰਤਾ ਪ੍ਰਗਟ ਕੀਤੀ ਅਤੇ ਸਟੇਜ਼ ਸਕੱਤਰ ਦੀ ਭੁਮਿਕਾ ਨਿਭਾਈ । ਇਸ ਮੌਕੇ ਮੈਡਮ ਸੁਨੈਨਾ ਰੌਧਾਵਾ, ਸੂਬੇਦਾਰ ਸੁਨਾਖ ਸਿੰਘ ਵਡਾਲਾ , ਐਡਵੋਕੇਟ ਲਵਦੀਪ ਸਿੰਘ, ਰਣਜੀਤ ਸਿੰਘ, ਸੁਖ ਦਸ਼ਮੇਸ਼ , ਰਾਣਾ ਕਾਲਾ ਸ਼ਾਹ, ਗੁਰਦੀਪ ਸਿੰਘ ਕੋਟਲਾ,ਕਸ਼ਮੀਰ ਸਿੰਘ ਏ ਐਸ ਆਈ, ਗੁਰਦੇਵ ਸਿੰਘ ਕੋਟਲਾ ਅਤੇ ਕਿਸਾਨ ਕੁਲਵੰਤ ਸਿੰਘ, ਬਲਕਾਰ ਸਿੰਘ , ਜਰਮਨ ਸਿੰਘ ਮਾਲੋਵਾਲ, ਸੁਖਦੀਪ ਸਿੰਘ ਤਲਵੰਡੀ , ਲਖਵਿੰਦਰ ਸਿੰਘ, ਦਿਲਬਾਗ ਸਿੰਘ ,ਪਰਮਜੀਤ ਸਿੰਘ ਭੁੱਟੋ,ਬਲਜਿੰਦਰ ਸਿੰਘ, ਕੁਲਦੀਪ ਸਿੰਘ ਕੋਟਲਾ, ਲਾਡੀ ਆਦਿ ਹਾਜ਼ਰ ਸਨ ।

# ਕੌਮੀ ਡੇਂਗੂ ਦਿਵਸ ਮੌਕੇ ਸਮਰਾਲਾ ਵਿਖੇ ਲਗਾਇਆ ਜਾਗਰੂਕਤਾ ਕੈਂਪ





**ਸਮਰਾਲਾ/ਭੂਸਨ ਬਾਂਸਲ ਸੁਨੀਲ ਅਗਰਵਾਲ**

ਪੰਜਾਬ ਸਰਕਾਰ ਦੀਆ ਹਦਾਇਤਾ ਅਤੇ ਡਾ.ਐਸ. ਪੀ. ਸਿੰਘ ਸਿਵਲ ਸਰਜਨ ਲੁਧਿਆਣਾ ਜੀ ਦੇ ਦਿਸਾ ਨਿਰਦੇਸਾਂ ਅਨੁਸਾਰ ਅੱਜ ਸਿਵਲ ਹਸਪਤਾਲ ਸਮਰਾਲਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਤਾਰਕਜੋਤ ਸਿੰਘ ਜੀ ਦੀ ਅਗਵਾਈ ਹੇਠ ਕੌਮੀ ਡੇਂਗੂ ਦਿਵਸ ਮਨਾਇਆ ਗਿਆ ਡਾ. ਤਾਰਕਜੋਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੇਂਗੂ ਏਡੀਜ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਇਹ ਮੱਛਰ ਇੱਕ ਹਫਤੇ ਤਕ ਸਾਫ ਖੜ੍ਹੇ ਪਾਣੀ ਵਿਚ ਪੈਦਾ ਹੁੰਦੇ ਹਨ ਅਤੇ ਇਹ ਮੱਛਰ ਸਵੇਰੇ ਅਤੇ ਸਾਮ ਵੇਲੇ ਕੱਟਦੇ ਹਨ । ਡੇਂਗੂ ਦੇ ਲੱਛਣ ਤੇਜ ਬੁਖਾਰ,ਸਿਰ ਦਰਦ, ਮਾਸਪੇਸੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਸੂੜੇ ਅਤੇ ਨੱਕ ਵਿੱਚ ਖੂਨ ਦਾ ਵਗਣਾ ਆਦਿ ਹਨ ਬੁਖਾਰ ਹੋਣ ਦੀ ਸੂਰਤ ਵਿੱਚ ਆਪਣੇ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਇਹ ਜਾਂਚ ਤੇ ਇਸ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫਤ ਕੀਤਾ ਜਾਂਦਾ ਹੈ। ਪ੍ਰਾਈਵੇਟ ਹਸਪਤਾਲਾਂ ਅਤੇ ਲੈਬਾਰਟਰੀਆਂ ਨੂੰ ਡੇਂਗੂ ਦੇ ਸੱਕੀ ਕੇਸਾਂ ਦਾ ਅਲੀਜਾ ਟੈਸਟ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਨੋਡਲ ਅਫਸਰ ਡਾ. ਸੰਦੀਪ ਮਾਨਵ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕੌਮੀ ਡੇਂਗੂ ਦਿਵਸ ਤਹਿਤ ਸਹਿਰ ਦੇ ਸਕੂਲਾਂ ਵਿੱਚ ਜਾਗਰੂਕਤਾ ਕੈਂਪ ਲਗਾਏ ਗਏ ਅਤੇ ਸਕੂਲੀ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ, ਭਾਸਣ ਮੁਕਾਬਲੇ, ਸੰਗੀਤ ਮੁਕਾਬਲੇ, ਕੁਇਜ ਮੁਕਾਬਲੇ, ਸੈਮੀਨਾਰ ਕਰਵਾਏ ਗਏ ਪ੍ਰਦੀਪ ਕੁਮਾਰ ਮਲਟੀਪਰਪਜ ਹੈਲਥ ਵਰਕਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੌਮੀ ਡੇਂਗੂ ਦਿਵਸ ਤਹਿਤ ਸਹਿਰ ਦੇ ਲੋਕਾਂ ਨੂੰ ਡੇਂਗੂ ਸਬੰਧੀ ਘਰਾਂ ਵਿਚ ਸਰਵੇ ਰਾਹੀਂ, ਅਖਬਾਰਾਂ ਰਾਹੀਂ ਅਤੇ ਮੰਦਿਰ ਗੁਰਦਵਾਰਿਆਂ ਵਿੱਚ ਲੱਗੇ ਲਾਊਡਸਪੀਕਰ ਰਾਹੀਂ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਵੱਲੋਂ ਮਾਈਗ੍ਰੇਟਰੀ ਏਰੀਆਂ , ਕਬਾੜ ਦੀਆਂ ਦੁਕਾਨਾ, ਸਰਕਾਰੀ ਤੇ ਅਰਧ- ਸਰਕਾਰੀ ਦਫਤਰਾਂ ਅਤੇ ਲੋਕਾਂ ਦੇ ਘਰਾਂ ਵਿੱਚ ਰੱਖੇ ਕੂਲਰਾਂ, ਫਰਿੱਜਾ ਦੀਆ ਟ੍ਰਏਆ, ਗਮਲੇ, ਟਾਇਰਾ ਆਦਿ ਪਾਣੀ ਦੇ ਕੰਨਟੇਨਰ ਚੈੱਕ ਕੀਤੇ ਗਏ ਅਤੇ ਡੇਂਗੂ ਸਬੰਧੀ ਜਾਣਕਾਰੀ ਦਿੱਤੀ ਗਈ। ਉਹਨਾਂ ਵੱਲੋਂ ਹਰ ਸੁੱਕਰਵਾਰ ਨੂੰ ਡਰਾਈ ਡੇ ਮਨਾਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਸੀ.ਐਚ.ਟੀ. ਮੈਡਮ ਮਨਜੀਤ ਕੌਰ, ਬਲਵਿੰਦਰ ਕੌਰ ਈ.ਟੀ.ਟੀ. ਟੀਚਰ ,ਬਲਵਿੰਦਰ ਕੌਰ ਸਿੱਖਿਆ ਪ੍ਰੋਵਾਇਡਰ, ਜਗਵਿੰਦਰ ਸਿੰਘ ਹੈਡ ਟੀਚਰ, ਜਸਵਿੰਦਰ ਕੌਰ ਟੀਚਰ, ਸੁਖਬੀਰ ਕੌਰ ਟੀਚਰ, ਹਰਦੀਪ ਪਾਂਡੇ ਟੀਚਰ ਅਤੇ ਸਕੂਲੀ ਵਿਦਿਆਰਥੀ ਹਾਜਰ ਸਨ।

## ਸਤਿਆ ਭਾਰਤੀ ਸਕੂਲ ਬੱਗਾ ਦਾ ਪੰਜਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ



**ਅੰਮ੍ਰਿਤਸਰ /ਰਾਜਾ ਕੋਟਲੀ**

ਸਤਿਆ ਭਾਰਤੀ ਸਕੂਲ ਪਿੰਡ ਬੱਗਾ ਦਾ ਪੰਜਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਸਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਮੈਡਮ ਕਵਲਜੀਤ ਕੌਰ ਨੇ ਦੱਸਿਆ ਕਿ ਗਗਨਦੀਪ ਕੌਰ, ਸੁਖਮਨਦੀਪ ਕੌਰ ਅਤੇ ਰਾਹੁਲ ਕੁਮਾਰ ਨੇ ਕ੍ਰਮਵਾਰ ਸਕੂਲ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸਨ ਕੀਤਾ। ਇਸ ਮੌਕੇ ਪ੍ਰਿੰਸੀਪਲ ਮੈਡਮ ਕਵਲਜੀਤ ਕੌਰ, ਮੈਡਮ ਸਿਮਰਜੀਤ ਕੌਰ, ਰਮਨਪ੍ਰੀਤ ਕੌਰ, ਗੁਰਜੀਤ ਕੌਰ ਅਤੇ ਸੰਮੂਹ ਸਟਾਫ ਵੱਲੋਂ ਉਕਤ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਕਾਮਨਾ ਕੀਤੀ ।

# ਸੂਬੇ ’ਚ ਅਮਨ ਕਾਨੂੰਨ ਵਿਵਸਥਾ ਦਾ ਵਿਗੜਨਾ ਆਪ ਸਰਕਾਰ ਦੀ ਵੱਡੀ ਨਾਕਾਮੀ : ਜਨਰਲ ਜੇ.ਜੇ. ਸਿੰਘ

## ਸਿੱਖਾਂ ਪ੍ਰਤੀ ਕੇਂਦਰ ਦੀ ਮੋਦੀ ਸਰਕਾਰ ਪੂਰੀ ਤਰ੍ਹਾਂ ਸੁਹਿਰਦ : ਜਨਰਲ ਜੇ.ਜੇ. ਸਿੰਘ

**ਪਟਿਆਲਾ/ਇਕਬਾਲ ਸਿੰਘ**

ਸਾਬਕਾ ਫੌਜ ਮੁਖੀ ਜਨਰਲ ਜੇ.ਜੇ. ਸਿੰਘ ਨੇ ਸੂਬੇ ’ਚ ਵਿਗੜਦੀ ਜਾ ਰਹੀ ਅਮਨ ਕਾਨੂੰਨ ਦੀ ਵਿਵਸਥਾ ’ਤੇ ਵੱਡੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪਟਿਆਲਾ ’ਚ ਵਾਪਰੀ ਹਿੰਸਾ ਸਮੇਤ ਵੱਖ-ਵੱਖ ਥਾਵਾਂ ’ਤੇ ਗੈਂਗਸਟਰਾਂ ਦਾ ਸਰਗਰਮ ਹੋਣਾ ਸਾਬਤ ਕਰਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਬਣੀ ਸਰਕਾਰ ਦੀ ਸਭ ਤੋਂ ਵੱਡਾ ਨਾਕਾਮੀ ਹੈ ਹੁਣ ਵੀ ਜੇ ਹਾਲਾਤ ਕਾਬੂ ਹੇਠ ਨਾ ਲਿਆਂਦੇ ਗਏ ਤਾਂ ਜਨਤਾ ਨੂੰ ਸਰਕਾਰ ਦੀ ਜਵਾਬਦੇਹੀ ਤੈਅ ਕਰਨੀ ਆਉਂਦੀ ਹੈ। ਜਨਰਲ ਜੇ.ਜੇ. ਸਿੰਘ ਨੇ ਪਟਿਆਲਾ ਮੀਡੀਆ ਕਲੱਬ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਜਨਰਲ ਜੇ.ਜੇ. ਸਿੰਘ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪੂਰੀ ਤਰ੍ਹਾਂ ਸੁਹਿਰਦ ਹੈ ਅਤੇ ਬੰਦੀ ਸਿੱਖਾਂ ਦੀ ਰਿਹਾਈ ਨੂੰ ਲੈ ਕੇ ਵਿਚਾਰ ਚਰਚਾਵਾਂ ਚੱਲ ਰਹੀਆਂ ਹਨ।

ਗੱਲਬਾਤ ਕਰਦਿਆਂ ਜੇ.ਜੇ. ਸਿੰਘ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਜਿੰਨਾ ਵੱਡਾ ਬਹੁਮਤ ਦੇ ਕੇ ਆਪ ਸਰਕਾਰ ਨੂੰ ਚੁਣਿਆ ਉਸ ਤੋਂ ਵੱਡੀਆਂ ਉਮੀਦਾਂ ਆਸਾਂ ਹਨ, ਪ੍ਰੰਤੂ 50 ਦਿਨ ਟੱਪਣ ਤੋਂ ਬਾਅਦ ਵੀ ਸਰਕਾਰ ਕੀਤੇ ਵਾਅਦਿਆਂ ’ਤੇ ਖਰਾ ਉਤਰਦੀ ਵਿਖਾਈ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ



50 ਦਿਨਾਂ ’ਚ ਕੀਤੇ ਗਏ ਵੱਡੇ ਐਲਾਨ ਜ਼ਮੀਨੀ ਹਕੀਕਤ ’ਚ ਬਦਲਦੇ ਵਿਖਾਈ ਨਹੀਂ ਦਿੰਦੇ ਅਤੇ ਕਹਿਣੀ ਅਤੇ ਕਰਨੀ ’ਚ ਵੱਡਾ ਫਰਕ ਨਜ਼ਰ ਆ ਰਿਹਾ। ਜਨਰਲ ਜੇ.ਜੇ. ਸਿੰਘ ਨੇ ਕਿਹਾ ਕਿ ਜਿਥੇ ਅਕਾਲੀ ਦਲ ਅਤੇ ਕਾਂਗਰਸ ਨੂੰ ਸਬਕ ਸਿਖਾਉਣ ਤੋਂ ਬਾਅਦ ਲੋਕਾਂ ਨੇ ਆਪ ਨੂੰ ਸੱਤਾ ’ਚ ਲਿਆਂਦਾ ਹੈ, ਪ੍ਰੰਤੂ ਜੇ ਇਹ ਸਰਕਾਰ ਵੀ ਉਮੀਦਾਂ ’ਤੇ ਖਰਾ ਨਾ ਉਤਰੀ ਤਾਂ ਪੰਜਾਬ ਦੇ ਲੋਕ ਬਹੁਤ ਕੁਝ ਬਦਲਣ ਦੇ ਸਮਰਥ ਹਨ ਇਸ ਕਰਕੇ ਸਰਕਾਰ ਕੀਤੇ ਵੱਡੇ ਵਾਅਦਿਆਂ ਨੂੰ ਪੂਰਾ ਕਰੇ। ਇਕ ਸਵਾਲ ਦੇ ਜਵਾਬ ’ਚ ਜਨਰਲ ਜੇ.ਜੇ. ਸਿੰਘ ਨੇ ਕਿਹਾ ਕਿ ਪੰਜਾਬ ਵੱਡੇ ਆਰਥਿਕ ਸੰਕਟ ਅਤੇ ਵੱਡੀਆਂ ਚੁਣੌਤੀਆਂ ਵਿਚੋਂ ਲੰਘ ਰਿਹਾ ਹੈ, ਜਿਸ ਪ੍ਰਤੀ ਆਮ ਆਦਮੀ ਪਾਰਟੀ ਦੀ ਸਰਕਾਰ ਸੁਹਿਰਦ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ, ਜਿਸ ਕਾਰਨ ਸਰਹੱਦ ਤੋਂ ਪਾਰ ਅੱਤਵਾਦ ਅਤੇ ਗੈਂਗਵਾਰ ਦੇ ਖਾਤਮੇ ਲਈ ਆਉਣ ਵਾਲੇ ਸਮੇਂ ’ਚ ਭਾਜਪਾ ਦੇ ਹੱਥਾਂ ’ਚ ਸੱਤਾ ਦਾ ਹੋਣਾ ਬੇਹੱਦ ਜ਼ਰੂਰੀ ਹੈ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ’ਚ ਦੇਸ਼ ਪੂਰੀ ਤਰ੍ਹਾਂ ਸੁਰੱਖਿਅਤ ਹੈ। ਜੇ.ਜੇ. ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨਾਲ ਸਹੀ ਤਾਲਮੇਲ ਤੋਂ ਬਿਨਾਂ ਕੋਈ ਵੀ ਪ੍ਰਾਂਤ ਲੀਹ ’ਤੇ ਨਹੀਂ ਚੜ੍ਹ ਸਕਦਾ। ਉਨ੍ਹਾਂ ਕਿਹਾ ਕਿ 2024 ’ਚ ਵੀ ਦੇਸ਼ ’ਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਹੀ ਸਰਕਾਰ ਸੱਤਾ ’ਚ ਆਵੇਗੀ। ਸਵਾਲ ਦੇ ਜਵਾਬ ’ਚ ਜਨਰਲ ਜੇ.ਜੇ. ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖਾਂ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਹੈ ਕਿਉਂਕਿ ਹਾਲ ਹੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਮਨਾਇਆ ਜਾਣਾ ਅਤੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ‘ਬਾਲ ਦਿਵਸ’ ਘੋਸ਼ਿਤ ਕਰਨਾ, ਸਿੱਖਾਂ ਦੀ ਕਾਲੀ ਸੂਚੀ ਨੂੰ ਖ਼ਤਮ ਕਰਨਾ ਅਤੇ 1984 ਦੌਰਾਨ ਸਿੱਖਾਂ ਦਾ ਕਤਲੇਆਮ ਲਈ ਜ਼ਿੰਮੇਵਾਰ ਜਗਦੀਸ਼ ਟਾਈਟਲਰ ਅਤੇ ਕਮਲਾਥ ਵਰਗਿਆਂ ਨੂੰ ਕਾਨੂੰਨ ਦੇ ਕਟਹਿਰੇ ’ਚ ਖੜਾ ਕਰਨਾ ਕੇਂਦਰ ਦੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਨੂੰ ਲੈ ਕੇ ਸਰਕਾਰ ਵਿਚਾਰ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਈ ਵੱਡੀ ਐਲਾਨ ਵੀ ਕਰ ਸਕਦੇ ਹਨ। ਇਸ ਮੌਕੇ ਉਨ੍ਹਾਂ ਨਾਲ ਸੂਬੇਦਾਰ ਮੇਜਰ ਗੁਰਦੀਪ ਸਿੰਘ ਘੁੰਮਣ, ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

- ਆਪ ਸਰਕਾਰ ਨੇ ਉਮੀਦਾਂ ਤੋਂ ਵੱਡੇ ਕੀਤੇ ਵਾਅਦੇ, ਵਿਖਾਈ ਨਹੀਂ ਦਿੰਦੀ ਜ਼ਮੀਨੀ ਹਕੀਕਤ
- ਸੂਬੇ ਨੂੰ ਆਰਥਿਕ ਸੰਕਟ ’ਚੋਂ ਨਿਕਲਣ ਲਈ ਕੇਂਦਰ ਸਰਕਾਰ ਦੇ ਸਹਿਯੋਗ ਬਿਨਾਂ ਅਸੰਭਵ।

# ਸ਼ਹਿਰਵਾਸਿਆ ਨੇ ਅਮ੍ਰਿਤਸਰ ਦੇ 'ਕਲੀਨ ਏਅਰ ਐਕਸ਼ਨ ਪਲਾਨ' ਨੂੰ ਸਖਤੀ ਦੇ ਨਾਲ ਲਾਗੂ ਕਰਣ ਦੀ ਕੀਤੀ ਮੰਗ

**ਅਮ੍ਰਿਤਸਰ/ਰਾਜਾ ਕੋਟਲੀ**

'ਏਅਰ ਕੁਵਾਲਿਟੀ ਮੈਨੇਜਮੇਂਟ ਇਨ ਅਮ੍ਰਿਤਸਰ' ਵਿਸ਼ਾ ਤੇ ਇਕ ਚਰਚਾ ਹੇਠ ਅਮ੍ਰਿਤਸਰ ਦੇ ਸੰਬੰਧਤ ਸ਼ਹਿਰ ਵਸਨਿਕਾਂ ਦਾ ਵਿਸ਼ੇਸ਼ ਪੈਨਲ ਇਕਜੁਟ ਵਿਖਾਈ ਦਿਤਾ ਗਿਆ ਅਤੇ ਗੁਰੁ ਨਗਰੀ ਵਿਚ ਵੱਧ ਰਹੇ ਵਾਯੂ ਪ੍ਰਦੂਸ਼ਨ ਦੇ ਨਾਲ ਨਾਲ ਸ਼ਹਿਰ ਵਿਚ ਸਾਫ ਹਵਾ ਸੁਨਿਸ਼ਚਿਤ ਕਰਵਾਉਣ ਦੇ ਲਈ ਸਰਕਾਰ ਅਤੇ ਸਮੁਦਾਏ ਦੁਆਰਾ ਚੁਕੇ ਜਾਣ ਵਾਲੇ ਲੋੜਵੰਦ ਕਦਮਾਂ ਦੇ ਲਈ ਵਿਸਥਾਰ ਨਾਲ ਚਰਚਾ ਕੀਤੀ।




ਇਕੋਸਿਖ, ਵਾਇਸ ਆਫ ਅਮ੍ਰਿਤਸਰ ਅਤੇ ਕਲੀਨ ਏਅਰ ਪੰਜਾਬ ਜੋਕਿ ਨਾਗਰਿਕਾਂ ਦੇ ਸਮੂਹ ਹੇਠ ਵਾਯੂ ਪ੍ਰਦੂਸ਼ਣ ਦੇ ਮੁੱਦੇ ਤੇ ਕੰਮ ਕਰ ਰਿਹਾ ਹੈ, ਨੇ ਸ਼ਹਿਰ ਦੇ 15 ਤੋਂ ਵੀ ਵੱਧ ਮਾਣਯੋਗ ਲੋਕਾਂ ਦੇ ਨਾਲ ਸੰਬੰਧਤ ਵਿਸ਼ਾ ਤੇ ਗੰਭੀਰ ਚਰਚਾ ਕੀਤੀ।

ਸਮੂਹ ਨੇ ਇਸ ਤੱਥ ਤੇ ਜੋਰ ਦਿੰਦੇ ਹੋਏ ਚਰਚਾ ਸ਼ੁਰੂ ਕੀਤੀ ਕਿ ਵਿਸ਼ਵ ਸੇਹਤ ਸੰਗਠਨ (ਡਲਬਯੁਐਚਓ) ਦੁਆਰਾ ਦੇਸ਼ ਦੇ 20 ਤੋਂ ਸਭ ਤੋਂ ਜਿਆਦਾ ਪ੍ਰਦੂਸ਼ਤ ਸ਼ਹਿਰਾਂ ਵਿਚੋਂ ਇਕ ਹੋਣ ਦੇ ਬਾਵਜੂਦ, ਅਮ੍ਰਿਤਸਰ, ਜੋ ਕਿ ਸੂਬੇ ਦੇ ਨੌਂ ਗੈਰ ਪ੍ਰਾਪਤੀ (ਨੋਨ ਕੰਟੇਨਮੇਂਟ ਸਿਟੀ), ਵਿਚ ਕੇਵਲ ਇਕੋ ਹੀ ਰਿਅਲ ਟਾਇਮ ਮੋਨਿਟਰਿੰਗ ਸਟੇਸ਼ਨ ਹੈ।

ਆਯੋਜਨ ਦੇ ਦੌਰਾਨ ਅਮ੍ਰਿਤਸਰ ਦੀ ਵਾਯੂ ਗੁਣਵੱਤਾ ਵਿਚ ਸੁਧਾਰ ਦੇ ਲਈ ਨਾਗਰਿਕਾਂ ਦੁਆਰਾ ਚੁਕੀ ਗਈ ਕੁਝ ਮੰਗਾਂ ਵਿਚ ਘੱਟ ਤੋਂ ਘੱਟ ਪੰਜ ਕੋਂਟਿਨਿਯੁਸ ਐਂਬਯੈਂਟ ਏਅਰ ਕੁਵਾਲਿਟੀ ਮੋਨਿਟਰਿੰਗ ਸਟੇਸ਼ਨ (ਸੀਏਕਯੁਐਮਐਸ) ਦਾ ਸਥਾਪਨ, ਸ਼ਹਿਰ ਵਿਚ ਆਟੋ ਰਿਕਸ਼ਾ ਪ੍ਰੋਜੇਕਟ ਦਾ ਸਖਤਾਈ ਨਾਲ ਪਾਲਨ ਜਿਸ ਵਿਚ ਆਟੋ ਚਾਲਕਾਂ ਦੇ ਪਰਾਮਰਸ਼ ਤੇ ਰਿਵਾਇਤੀ ਡੀਜਲ ਬਾਲਣ ਦੀ ਬਜਾਏ ਸਾਫ ਅਤੇ ਇਲੇਕਟ੍ਰਿਕ ਆਟੋ ਰਿਕਸ਼ਾ ਦਾ ਸੰਚਾਲਨ ਸੁਨਿਸ਼ਚਿਤ ਕਰਣ ਤਾਂ ਜੋ ਪਬਲਿਕ ਹੇਲਥ ਅਤੇ ਪਰਿਆਵਰਣ ਸੰਭਾਲ ਆਦਿ ਨੂੰ ਵੀ ਸੁਰਖਿਅਤ ਕੀਤਾ ਜਾ ਸਕੇ।

ਡ਼ਾਇਸ ਆਫ ਅਮ੍ਰਿਤਸਰ ਦੀ ਵਾਇਸ ਪ੍ਰੇਜੀਡੇਂਟ ਇੰਦੂ ਅਰੋੜਾ ਨੇ ਕਿਹਾ ਕਿ ਅਸੀਂ ਜਿਸ ਹਵਾ ਵਿਚ ਸਾਹ ਲੈ ਰਹੇ ਹਨ ਉਹ ਹਰ ਮਿਨਟ ਵਿਚ ਜਹਿਰੀਲੀ ਹੁੰਦੀ ਜਾ ਰਹੀ ਹੈ ਅਤੇ ਸੀਨਿਅਰ ਸਿਟਿਜੰਸ, ਬਚਿਆਂ ਦੇ ਸੇਹਤ ਦੀ ਵੱਡੀ ਚਿੰਤਾ ਦਾ ਵਿਸ਼ਾ ਹੈ। ਵਾਯੂ ਪ੍ਰਦੂਸ਼ਣ ਤੋਂ ਜੁਣੇ ਮੁੱਦਿਆਂ ਅਤੇ ਲੋਕਾਂ ਦੇ ਸੇਹਤ ਅਤੇ ਇਸਦੇ ਪ੍ਰਭਾਹ ਨੂੰ ਨਜਰਅੰਦਾਜ ਨਹੀਂ ਕੀਤਾ ਜਾ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਸਾਰੇ ਪ੍ਰਦੂਸ਼ਣ ਕਰਣ ਵਾਲੀ ਗੱਡਿਆਂ ਜਿਨ੍ਹਾਂ ਦੀ ਸਮੇਂ ਸੀਮਾ ਸਮਾਪਤ ਹੋ ਚੁਕੀ ਹੈ, ਉਹ ਹੁਣ ਵੀ ਚਲ ਰਹੇ ਹਨ ਅਤੇ ਅਮ੍ਰਿਤਸਰ ਵਾਸਿਆਂ ਦੇ ਫੇਫੜਿਆਂ ਦੇ ਲਈ ਘਾਤਕ ਸਾਬਤ ਹੋ ਰਹੇ ਹਨ। ਇਨ੍ਹਾਂ ਦੇ ਨਿਵਾਰਣ ਦੇ ਲਈ ਛੇਤੀ ਹੀ ਕਦਮ ਚੁਕੇ ਜਾਣੇ ਚਾਹਿਦੇ ਜਿਸ ਹੇਠ ਡੀਜਲ ਚਲਿਤ ਆਟੋ ਰਿਕਸ਼ਾ ਨੂੰ ਬਦਲ ਕੇ ਸਾਫ ਬਾਲਣ ਜਾਂ ਇਲੇਕਟ੍ਰਿਕ ਚਲਿਤ ਆਟੋ ਰਿਕਸ਼ਾ ਨੂੰ ਸੜਕ ਤੇ ਉਤਾਰਣ ਦੀ ਲੋੜ ਹੈ।

ਅਮ੍ਰਿਤਸਰ, ਪੰਜਾਬ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ ਜਿਸਦਾ ਮਹਤਵਪੂਰਣ ਧਾਰਮਿਕ ਅਤੇ ਏਤਿਹਾਸਿਕ ਮਹਤਤਾ ਹੈ। ਸਮੂਹ ਦੇ ਪ੍ਰਤੀਨਿਧਿਆਂ ਨੇ ਉਜਾਗਰ ਕੀਤਾ ਕਿ ਸੈਰ ਸਪਾਟੇ ਦੀ ਥਾਂ ਹੋਣ ਦੇ ਬਾਵਜੂਦ ਇਥੇ ਹਰ ਮਹਿਨੇ 70 ਲੱਖ ਲੋਕੀ ਇਥੇ ਆਉਂਦੇ ਹਨ ਲੇਕਨ ਸ਼ਹਿਰ ਦੀ ਵਾਯੂ ਗੁਣਵੱਤਾ ਪ੍ਰਬੰਧਨ ਤੇ ਬਹੁਤ ਘੱਟ ਧਿਆਨ ਦਿਤਾ ਗਿਆ ਹੈ।

ਇਕੋ ਸਿੱਖ ਦੀ ਪਰਮੁਖ ਸੁਪ੍ਰੀਤ ਕੋਰ ਨੇ ਚਰਚਾ ਦੇ ਦੌਰਾਨ ਕਿਹਾ ਕਿ ਪਵਿਤਰ ਸ਼ਹਿਰ ਅਮ੍ਰਿਤਸਰ ਦੇ ਲੋਕ ਰੋਜਾਨਾ ਜਿਆਦਾ ਤੋਂ ਜਿਆਦਾ ਮਾਤਰਾ ਵਿਚ ਪ੍ਰਦੂਸ਼ਣ ਅਤੇ ਜਹਿਰੀਲੀ ਹਵਾ ਦੇ ਸੰਪਰਕ ਵਿਚ ਆ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਜਿਸ ਹਵਾ ਦੀ ਗੁਣਵੱਤਾ ਵਿਚ ਲੋਕੀ ਸਾਹ ਲੈਂਦੇ ਹਨ, ਉਸਦਾ ਓਨ੍ਹਾਂ ਦੇ ਸੇਹਤ ਤੇ ਨੇਗੇਟਿਵ ਪ੍ਰਵਾਹ ਪੈਂਦਾ ਹੈ। ਉਨ੍ਹਾਂ ਨੇ ਦਸਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਸ਼ਹਿਰ ਦੇ ਵਸਨਿਕਾਂ ਨੂੰ ਵੱਧ ਰਹੇ ਵਾਯੂ ਪ੍ਰਦੂਸ਼ਣ ਤੇ ਧਿਆਨ ਦੇਣਾ ਪਵੇਗਾ ਅਤੇ ਇਸ ਮੁੱਦੇ ਦਾ ਹਲ ਕਢਣ ਦੇ ਲਈ ਅਪਣੇ ਪਰਿਆਸ ਤੇਜ ਕਰਣ ਪੈਣਗੇਂ।

ਇੰਡਿਅਨ ਮੈਡਿਕਲ ਐਸੋਸਿਏਸ਼ਨ, ਅਮ੍ਰਿਤਸਰ ਦੇ ਮਾਨਦ ਸਕੱਤਰ ਡਾੱ ਅਮ੍ਰਿਤਾ ਰਾਣਾ ਨੇ ਅਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਅਮ੍ਰਿਤਸਰ ਦੀ ਵਾਯੂ ਗੁਣਵੱਤਾ ਦਿਨੋਦਿਨ ਖਰਾਬ ਹੋ ਰਹੀ ਹੈ ਜਿਸਦੇ ਲਈ ਕਾਰਣ ਜਿੱਮੇਵਾਰ ਹਨ।

ਉਨ੍ਹਾਂ ਨੇ ਕਿਹਾ ਕਿ ਪਿੱਛਲੇ ਕੁਝ ਸਾਲਾਂ ਵਿਚ ਸ਼ਹਿਰ ਨੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਂਅ ਤੇ ਹੈਰਿਟੇਜ ਰੁੱਖਾਂ ਸਹਿਤ ਸ਼ਹਿਰ ਨੇ ਅਪਣੇ ਹਰੇ ਭਰੇ ਹਿੱਸੇ ਨੂੰ ਖੋਹ ਦਿਤਾ ਹੈ। ਪਿੱਛਲ਼ੇ ਕੁਝ ਸਾਲਾਂ ਵਿਚ ਗੱਡਿਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ ਅਤੇ ਫੇਰ ਵੀ ਐਮਿਸ਼ਨ ਲੈਵਲ ਤੇ ਕੋਈ ਚੇਕ ਨਹੀਂ ਰਖਿਆ ਗਿਆ ਉਨ੍ਹਾਂ ਨੇ ਕਿਹਾ ਕਿ ਅਮ੍ਰਿਤਸਰ ਵਿਰਾਸਤਪੂਰਕ ਸ਼ਹਿਰ ਹੈ ਜੋ ਦੁਨਿਆਂ ਭਰ ਤੋਂ ਲੱਖਾਂ ਸੈਲਾਨਿਆਂ ਨੂੰ ਸਦਾ ਦਿੰਦਾ ਹੈ ਅਤੇ ਫਿਰ ਵੀ ਸਾਡੇ ਲੋਕ ਵਾਯੂ ਗੁਣਵੱਤਾ ਮੋਨਿਟਰ ਨਹੀ ਹੈ ਜੋ ਲੋਕਾਂ ਨੂੰ ਜਹਿਰੀਲੀ ਹਵਾ ਦੇ ਪੱਧਰ ਨੂੰ ਸਮਝਣ ਵਿਚ ਮਦਦ ਕਰੇ।

# ਡਾ ਬੀ ਆਰ ਅੰਬੇਡਕਰ ਦਾ 131 ਵਾਂ ਜਨਮ ਦਿਹਾੜਾ ਮਨਾਇਆ



**ਗੁਰਦਾਸਪੁਰ-ਨਵਨੀਤ ਕੁਮਾਰ**

ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦਾ 131 ਵਾਂ ਜਨਮ ਦਿਹਾੜਾ ਸਰਪੰਚ ਮੋਹਨ ਲਾਲ ਵੱਲੋਂ ਮਾਸਟਰ ਵਿਜੇ ਕੁਮਾਰ ਅਤੇ ਸਕੂਲ ਮੁੱਖੀ ਜਗਦੀਸ਼ ਸਿੰਘ ਦੇ ਸਹਿਯੋਗ ਨਾਲ ਪਿੰਡ ਜੱਟੂ ਵਾਲ ਵਿੱਖੇ ਮਨਾਇਆ ਗਿਆ । ਇਸ ਸਮੇਂ ਸਟੇਜ ਸੈਕਟਰੀ ਦੀ ਭੂਮਿਕਾ ਮਾਸਟਰ ਵਿਜੇ ਕੁਮਾਰ ਵੱਲੋਂ ਨਿਭਾਈ ਗਈ । ਇਸ ਸਮੇਂ ਸਕੂਲ ਦੇ ਹੋਣਹਾਰ ਬੱਚਿਆਂ ਵੱਲੋਂ ਬਾਬਾ ਸਾਹਿਬ ਦੇ ਜੀਵਨ ਤੇ ਨਾਟਕ ,ਕਵਿਤਾਵਾਂ, ਪੇਸ਼ ਕੀਤੀਆਂ ਗਈਆਂ । ਇਸ ਸਮੇਂ ਅੰਬੇਡਕਰ ਮਿਸ਼ਨ ਦੇ ਪ੍ਰਧਾਨ ਕੇਵਲ ਕ੍ਰਿਸਨ,ਡਾ ਸੁਧੀਰ,ਮੈਂਡਮ ਜੋਤੀ ਬਾਲਾ,ਕਪਿਊਟਰ ਟੀਚਰ ਸਲਵਿੰਦਰ ਕੁਮਾਰ ਵੱਲੋਂ ਵਿਸੇਸ਼ ਤੌਰ ਤੇ ਪਹੁੰਚ ਕੇ ਬਾਬਾ ਸਾਹਿਬ ਦੀ ਜੀਵਨੀ ਤੇ ਵਿਸਥਾਰ ਪੂਰਵਕ ਚਾਨਣਾ ਪਾਇਆਂ ਗਿਆ । ਇਸ ਸਮੇਂ ਦੇਸ਼ ਭਗਤ ਗ੍ਰਾਮ ਸੁਧਾਰ ਕਲੱਬ ਜੱਟੂ ਵਾਲ ਵੱਲੋਂ ਬਾਬਾ ਸਾਹਿਬ ਦੇ ਜੀਵਨ ਸਬੰਧੀ ਨਾਟਕਾਂ ਰਾਹੀ ਬੱਚਿਆਂ ਨੂੰ ਜਾਗਰੂਕ ਕੀਤਾ ਗਿਆ । ਇਸ ਸਮੇਂ ਮਾਸਟਰ ਵਿਜੇ ਕੁਮਾਰ ਵੱਲੋਂ ਬੱਚਿਆਂ ਨੂੰ ਬਾਬਾ ਸਾਹਿਬ ਅੰਬੇਡਕਰ ਦੇ ਵੱਲੋਂ ਗਿਆਨ ਦੀ ਕੀਤੀ ਪ੍ਰਾਪਤੀ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਬੱਚਿਆਂ ਨੂੰ ਬਾਬਾ ਸਾਹਿਬ ਦੇ ਦੱਸੇ ਮਾਰਗ ਦਰਸ਼ਨ ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ । ਅਖੀਰ ਵਿੱਚ ਸਰਪੰਚ ਮੋਹਨ ਲਾਲ ਵੱਲੋ ਸਕੂਲ ਮੁੱਖੀ ਜਗਦੀਸ਼ ਸਿੰਘ,ਮਾਸਟਰ ਵਿਜੇ ਕੁਮਾਰ ਅਤੇ ਆਏ ਹੋਏ ਮੁੱਖ ਮਹਿਮਾਨਾਂ ਦੇ ਸਹਿਯੋਗ ਨਾਲ ਸਕੂਲ ਦੇ ਬੱਚਿਆਂ ਨੂੰ ਮੈਡਲ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਸਮੇਂ ਕਲੱਬ ਪ੍ਰਧਾਨ ਸੂਬੇਦਾਰ ਮਦਨ ਲਾਲ,ਭੰਡਾਰੀ ਸਾਹਿਬ,ਬਲਵਿੰਦਰ ਕੁਮਾਰ ਹੈਪੀ,ਬਚਨ ਲਾਲ,ਚੰਦੂ ਲਾਲ,ਤਰਸੇਮ ਲਾਲ,ਮੈਂਡਮ ਸਿਮਰਨਜੀਤ ਕੌਰ ਆਦਿ ਕਾਜ਼ਰ ਸਨ ।

# ਨਗਰ ਸੁਧਾਰ ਟਰੱਸਟ ਗੁਰਦਾਸਪੁਰ ਵਿਰੁੱਧ ਚੱਲ ਰਹੇ ਕਿਸਾਨਾਂ ਦੇ ਧਰਨੇ ਨੂੰ ਅੱਜ ਹੋਏ 130 ਦਿਨ




**ਗੁਰਦਾਸਪੁਰ-ਨਵਨੀਤ ਕੁਮਾਰ**

ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੀ ਸਕੀਮ ਨੰਬਰ ਸੱਤ ਦੇ ਪੀੜਤ ਕਿਸਾਨਾਂ ਵੱਲੋਂ ਇਸ ਦਫਤਰ ਦੇ ਵਿਰੁੱਧ ਚਾਦਰਾ ਇਸ ਧਰਨੇ ਨੂੰ ਅੱਜ ਇੱਕ ਸੌ ਤੀਹ ਦੇ ਨਾਂ ਜੋ ਕਰੀਬ ਸਾਢੇ ਚਾਰ ਮਹੀਨੇ ਬਣਦੇ ਹਨ ਹੋ ਗਏ ਹਨ ।ਇਹ ਧਰਨਾ ਅੱਜ ਕਾਲਾ ਡਿਪਟੀ ਕਮਿਸਨਰ ਗੁਰਦਾਸਪੁਰ ਦੇ ਦਫ਼ਤਰ ਸਾਹਮਣੇ ਚੱਲ ਰਿਹਾ ਹੈ ।ਕਿਉਂਕਿ ਹੁਣ ਇਸ ਦੇ ਮੁੱਖ ਪ੍ਰਬੰਧਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਹੀ ਹਨ ।ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਚੱਲ ਰਹੇ ਧਰਨੇ ਦੌਰਾਨ ਡਿਪਟੀ ਕਮਿਸ਼ਨਰ ਸਾਹਿਬ ਨਾਲ ਮੀਟਿੰਗ ਹੋਣ ਤੇ ਉਨ੍ਹਾਂ ਨੇ ਤੀਹ ਮਈ ਤਕ ਸਾਰਾ ਭੁਗਤਾਨ ਕਰਨ ਦਾ ਵਾਅਦਾ ਕੀਤਾ ਸੀ ਅਤੇ ਇਹ ਵੀ ਕਿਹਾ ਸੀ ਕਿ ਢਾਈ ਕਰੋੜ ਰੁਪਿਆ ਲੋਨ ਮਨਜੂਰ ਹੋ ਚੁੱਕਾ ਹੈ ਅਤੇ ਉਹ ਸਾਰਾ ਕਿਸਾਨਾਂ ਨੂੰ ਅਦਾ ਕਰ ਦਿੱਤਾ ਜਾਵੇਗਾ ।ਮੀਟਿੰਗ ਵਿੱਚ ਉਨ੍ਹਾਂ ਇਹ ਵੀ ਕਿਹਾ ਸੀ ਕਿ ਬਹੁਤ ਸਾਰੀਆਂ ਨਿਲਾਮੀਆਂ ਵਾਲੀਆਂ ਹਨ ਦੋ ਹਿਸਾਰੀਆ ਕਿਸਾਨਾਂ ਨੂੰ ਹੀ ਦਿੱਤੀਆਂ ਜਾਣਗੀਆਂ ਇਸ ਤੋਂ ਬਿਨਾਂ ਕੋਈ ਹੋਰ ਉਸਾਰੀ ਨਹੀਂ ਕੀਤੀ ਜਾਵੇਗੀ ।ਹੁਣ ਇਹ ਦੇਖਣਾ ਹੋਵੇਗਾ ਕਿ ਕੀ ਇਹ ਤੀਹ ਮਈ ਤਕ ਸਾਰਾ ਕੁਝ ਹੋ ਜਾਂਦਾ ਹੈ ਜਾਂ ਨਹੀਂ ਵਰਨਾ ਇਸ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਕੋਈ ਵੱਖਰਾ ਤੇ ਵੱਡਾ ਅੰਦੋਲਨ ਛੇੜੇਗਾ ।

ਅੱਜ ਬੁਲਾਰਿਆਂ ਨੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਕਿਸਾਨਾਂ ਨੂੰ ਸਾਰਾ ਮੁਆਵਜ਼ਾ ਦੇਣ ਲਈ ਬਣਦੀ ਕਾਰਵਾਈ ਕਰਨਅਤੇ ਆਪਣੇ ਵੱਲੋਂ ਕੀਤਾ ਵਾਅਦਾ ਪੁਗਾਉਣ ਲਈ ਹਰ ਚਾਰਾਜੋਈ ਨੇਪਰੇ ਚਾੜ?। ਵਰਨਾ ਇਹ ਧਰਨਾ ਲਗਾਤਾਰ ਚੱਲਦਾ ਹੀ ਰਹੇਗਾ ।ਆਗੂਆਂ ਨੇ ਕਿਹਾ ਕਿ ਅਤਿਅੰਤ ਚੱਲ ਰਹੀ ਲੂ ਅਤੇ ਗਰਮੀ ਵਿੱਚ ਕਿਸਾਨਾਂ ਦਾ ਬੈਠਣਾ ਕੋਈ ਸੌਖਾ ਕਾਰਜ ਨਹੀਂ ਹੈ ਪ੍ਰੰਤੂ ਜੇ ਇਸਦਾ ਵੀ ਅਫਸਰਸ਼ਾਹੀ ਤੇ ਅਸਰ ਨਾ ਹੋਇਆ ਤਾਂ ਕਿਸਾਨ ਹੋਰ ਕੀ ਕਰਨ ? ਇਸ ਮੌਕੇ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਕਪੂਰ ਸਿੰਘ ਘੁੰਮਾਣਾ ਪਲਵਿੰਦਰ ਸਿੰਘ ਘਰਾਲਾ ਬਲਪ੍ਰੀਤ ਸਿੰਘ ਪ੍ਰਿੰਸ ਘਰਾਲਾ ਸੁਖਦੇਵ ਸਿੰਘ ਅਲਾਵਲਪੁਰ ਜਸਵੰਤ ਸਿੰਘ ਪਾਹੜਾ ਗੁਰਨੀਤ ਸਿੰਘ ਤੇਜਿੰਦਰਪਾਲ ਸਿੰਘ ਅਮਰਜੀਤ ਕੌਰ ਲਾਡੀ ਸ਼ਾਹ ਧਰਮਵੀਰ ਤਜਿੰਦਰਬੀਰ ਸਿੰਘ ਚਾਹਲ ਮੱਖਣ ਸਿੰਘ ਕੁਹਾੜ ਬਲਬੀਰ ਸਿੰਘ ਬਲਬੀਰ ਸਿੰਘ ਉੱਚਾ ਧਕਾਲਾ ਸੰਦੀਪ ਸਿੰਘ ਉੱਚਾ ਧਕਾਲਾ ਆਦਿ ਵੀ ਹਾਜਰ ਸਨ ।

# ਯਾਦਗਾਰ ਨਿਰਮਾਣ, ਖੂਬਸੂਰਤ ਵਿਸਥਾਰ ਅਤੇ ਸੋਹਣੀ ਫਰਨਿਸ਼ਿੰਗਸ ਦੇ ਨਾਲ ਨਿਰਮਿਤ ਵਿਰਾਸਤ ਫਰਮ ਵੈਨਬ੍ਰਾਸ: ਪਾਲਿਸ਼ਡ ਬਾਯ ਫਾਈਨ ਕ੍ਰਾਫਟਸਮੈਨਸ਼ਿਪ ਪੰਜਾਬ 'ਚ ਇੰਟਰੀ ਕਰਨ ਲਈ ਤਿਆਰ ਹੈ

**ਚੰਡੀਗੜ੍ਹ/ਲੋਕ ਬਾਣੀ**

70 ਸਾਲ ਪੁਰਾਣੀ ਮਜਬੂਤ ਵਿਰਾਸਤ ਦੇ ਨਾਲ ਵੈਨਬ੍ਰਾਸ ਇੱਕ ਬਿਹਤਰੀਨ ਕੰਸਟ੍ਰਕਸਨ ਕੰਪਨੀ ਹੈ ਜਿਹੜੀ ਉੱਚ ਪੱਧਰੀ ਕੁਆਲਿਟੀ ਦੇ ਨਾਲ ਖੂਬਸੂਰਤ ਮਹਿਲਨੁਮਾ ਰਿਹਾਇਸ ਅਤੇ ਯਾਦਗਾਰ ਪ੍ਰੀਮੀਅਮ ਕਮਰਸੀਅਲ ਸਪੇਸ ਦਾ ਨਿਰਮਾਣ, ਡਿਜਾਇਨ ਅਤੇ ਫਰਨਿਸ?ਿਗ ਕਰਦੀ ਹੈ . ਇਹ ਬ੍ਰਾਂਡ ਪੰਜਾਬ 'ਚ ਆਪਣੀ ਬਿਹਤਰੀਨ ਵਿਰਾਸਤ ਪੇਸ ਕਰਨ ਦੇ ਲਈ ਤਿਆਰ ਹੈ . ਪਰਫੈਕਸਨ ਅਤੇ ਵਿਲੱਖਣਾ ਦੇ ਪ੍ਰਤੀ ਆਪਣੀ ਵਚਨਬੱਧਤਾ ਦੇ ਨਾਲ ਵੈਨਬ੍ਰਾਸ ਨੂੰ ਪੂਰੀ ਦੁਨੀਆਂ ਦੇ ਮੋਹਰੀ ਆਰਕੀਟੈਕਟਸ ਅਤੇ ਡਿਜਾਇਨਰਸ ਦੇ ਸਹਿਯੋਗ ਨਾਲ ਲਗਜਰੀ ਦੀ ਨਵੀਂ ਪਰਿਭਾਸਾ ਸਥਾਪਿਤ ਕਰਨ 'ਤੇ ਮਾਣ ਹੈ . ਜੀਵਨ 'ਚ ਖੂਬਸੂਰਤੀ ਦਾ ਸਮਾਵੇਸ ਕਰਕੇ ਅਰਾਮ ਪ੍ਰਦਾਨ ਕਰਨ ਦੇ ਬ੍ਰਾਂਡ ਦੇ ਮਕਸਦ ਦੇ ਨਾਲ ਵੈਨਬ੍ਰਾਸ ਅਜਿਹੇ ਪ੍ਰੋਜੈਕਟ ਲੈ ਕੇ ਆਵੇਗਾ ਜਿਹੜੇ ਪੰਜਾਬ 'ਚ ਅਦਭੁਤ ਖੂਬਸੂਰਤੀ ਪੇਸ ਕਰਨਗੇ . ਕੰਪਨੀ ਪ੍ਰੀਮੀਅਮ ਅਤੇ ਲਗਜਰੀ ਫਰਨਿਸ?ਿਗ ਪੇਸ ਕਰਦੀ



ਹੈ, ਜਿਹੜੇ ਮੌਲਿਕਤਾ ਅਤੇ ਕਲਪਨਾਂ ਦੇ ਯਾਦਗਾਰ ਮਿਸਰਣ ਦੇ ਨਾਲ ਆਮ ਨੂੰ ਅਸਾਧਰਣ ਬਣਾ ਦਿੰਦੇ ਹਨ।

ਇਸ ਉਦਯੋਗ 'ਚ ਦਹਾਕਿਆਂ ਦੇ ਕਾਮਯਾਬ ਅਨੁਭਵ ਦੇ ਨਾਲ, ਵੈਨਬ੍ਰਾਸ ਦੇ ਕੋਲ ਪਾਰੰਪਰਿਕ ਰਿਹਾਇਸੀ ਪ੍ਰੋਪਰਟੀ ਤੋਂ ਲੈ ਕੇ ਸਮਕਾਲੀਨ ਘਰਾਂ ਅਤੇ ਯਾਦਗਾਰ ਪ੍ਰੀਮੀਅਮ ਕਮਰਸੀਅਲ ਸਪੇਸ ਤੱਕ ਵਿਭਿੰਨ ਜਿਕਰਯੋਗ ਸਟਾਈਲ ਅਤੇ ਪ੍ਰੋਜੈਕਟ ਬਣਾਉਣ ਅਤੇ ਡਿਜਾਇਨ ਕਰਨ ਦਾ ਬਿਹਤਰੀਨ ਅਨੁਭਵ ਹੈ . ਇਸਦੇ ਨਾਲ ਹੀ ਵੈਨਬ੍ਰਾਸ ਸਿਗਨੇਚਰ ਡੋਰ ਅਤੇ ਵਿੰਡੋ ਦੇ ਲਈ ਵੀ ਸੇਵਾਂਵਾ ਦਿੰਦਾ ਹੈਉਂ ਕੰਪਨੀ ਆਪਣੇ ਪਾਰਖੀ ਗ੍ਰਾਹਕਾਂ ਦੇ ਲਈ ਬਿਹਤਰੀਨ ਵੂਡਨ ਡੋਰ ਅਤੇ ਵਿੰਡੋ ਵੀ ਤਿਆਰ ਕਰਦੀ ਹੈ . ਨਾਲ ਹੀ, ਇੰਜੀਨੀਅਰਡ ਸਤਤ ਵੂਡਨ ਲਿਫਟ ਅਤੇ ਸਲਾਈਡ, ਟਲਿਟ ਅਤੇ ਟਰਨ ਵਿੰਡੋ ਵੀ ਪੇਸ ਕਰਦੀ ਹੈ, ਜਿਨ੍ਹਾਂ 'ਚ ਪ੍ਰੀਮੀਅਮ ਹਾਰਡਵੁੱਡ, ਬਿਹਤਰੀਨ ਯੂਰੋਪੀਅਨ ਹਾਰਡਵੇਅਰ ਅਤੇ ਬਿਹਤਰੀਨ ਫਿਨਿਸ ਦਾ ਇਸਤਮਾਲ ਹੁੰਦਾ ਹੈ ਅਤੇ ਯਾਦਗਾਰ ਕੁਆਲਿਟੀ ਦੇ ਨਾਲ ਕੀਮਤੀ ਫੰਕਸਨਲਿਟੀ ਅਤੇ ਯੂਜੇਬਿਲਟੀ ਪ੍ਰਾਪਤ ਹੁੰਦੀ ਹੈ॥

ਵੈਨਬ੍ਰਾਸ ਡੋਰ ਅਸੈਸਰੀਜ ਜਿਵੇਂ ਸਪੀਕਇਜੀ ਗ੍ਰਿਲਸ, ਹਿੰਜ ਸਟ੍ਰੈਪਸ, ਡੋਰ ਹੈਂਡਲ ਅਤੇ ਹਾਰਡਵੇਅਰ ਪੇਸ ਕਰਦੀ ਹੈ, ਤਾਂ ਕਿ ਤੁਹਾਡੇ ਇੰਟਰੀ ਵੇ ਦੀ ਖੂਬਸੂਰਤੀ ਵਧੇ ਅਤੇ ਤੁਹਾਡਾ ਘਰ ਬਿਹਤਰ ਸਟਾਈਲ ਅਤੇ ਸਾਨਦਾਰ ਡੋਰ ਡਿਜਾਇਨ ਦੇ ਨਾਲ ਜਿਆਦਾ ਅਰਾਮਦਾਇਕ ਬਣੇ . ਇਹ ਡਿਜਾਇਨ ਸਾਨਦਾਰ ਡਿਟੇਲਿੰਗ ਦੇ ਨਾਲ ਜਰੂਰਤ ਦੇ ਅਨੁਸਾਰ ਬਣਾਏ ਜਾਂਦੇ ਹਨ, ਕਾਫੀ ਵਿਚਾਰਪੂਰਣ ਤਿਆਰ ਕਰਨ 'ਚ ਬਾਅਦ ਪੂਰਣ ਮਾਹਿਰਤਾ ਦੇ ਨਾਲ ਬਣਾਏ ਗਏ ਇਹ ਡਿਜਾਇਨ ਕਿਸੇ ਵੀ ਸਪੇਸ ਦੀ ਖੂਬਸੂਰਤੀ ਨੂੰ ਵਧਾ ਦਿੰਦੇ ਹਨ . ਹਰ ਫਰਨੀਚਰ, ਡਿਜਾਇਨ ਦੀ ਫਰਨਿਸ?ਿਗ ਤਿਆਰ ਕਰਨ ਤੋਂ ਪਹਿਲਾਂ ਵੈਨਬ੍ਰਾਸ ਦੇ ਕੁਸਲ ਕਾਰੀਗਰਾਂ ਅਤੇ ਪ੍ਰੋਫੈਸਨਲ ਟੀਮ ਮੈਂਬਰਾਂ ਦੀ ਮਦਦ ਨਾਲ ਵਿਸਤਰਿਤ ਰਿਸਰਚ ਅਤੇ ਵਿਕਾਸ ਕੀਤਾ ਜਾਂਦਾ ਹੈ . ਸਕੂਨ ਭਰੇ ਰੰਗ ਪੇਲੇਟਸ ਤੋਂ ਲੈ ਕੇ ਖੂਬਸੂਰਤ ਸਜਾਵਟ ਤੱਕ, ਵੈਨਬ੍ਰਾਸ ਦੇ ਡਿਜਾਇਨ ਹਰ ਕਿਸੇ ਨੂੰ ਚੌਂਕਾ ਦਿੰਦੇ ਹਨ।

ਵੈਨਬ੍ਰਾਸ ਵੱਲੋਂ ਡਿਜਾਇਨ ਕੀਤੀ ਗਈ ਹਰ ਚੀਜ ਦਾ ਵਿਸਥਾਰ ਨੱਕਾਸੀ ਸਾਲਾਂ ਦੀ ਮਿਹਨਤ ਨਾਲ ਸਥਾਪਿਤ ਬਿਹਤਰੀਨ ਸ?ਿਲਪਕਾਰੀ ਦਾ ਚਿਤਰਣ ਕਰਦਾ ਹੈ . ਵੈਨਬ੍ਰਾਸ ਪਾਰੰਪਰਿਕ ਨਿਰਮਾਣ ਅਤੇ ਅਧੁਨਿਕ ਅਭਿਵਿਅਕਤੀਆਂ ਅਤੇ ਵਿਸਤਰਿਤ ਕਲਪਨਾਵਾਂ ਦੇ ਸੰਗਮ ਨਾਲ ਤੁਹਾਡੇ ਲਈ ਬਿਹਤਰੀਨ ਲਗਜਰੀ ਦਾ ਅਨੁਭਵ ਪੇਸ ਕਰਦਾ ਹੈ .ਵੈਨਬ੍ਰਾਸ ਸਿਰਫ ਸਪੇਸ ਦਾ ਨਹੀਂ, ਸਗੋਂ ਲਾਈਫਸਟਾਈਲ ਦਾ ਨਿਰਮਾਣ ਕਰਦਾ ਹੈ . ਉਹ ਲਾਈਫਸਟਾਈਲ, ਜਿਹੜਾ ਤੁਹਾਨੂੰ ਆਪਣੇ ਪਣ ਦਾ ਅਹਿਸਾਸ ਦੇਵੇ, ਜਿਸ 'ਚ ਖੂਬਸੂਰਤੀ ਹੋਵੇ ਅਤੇ ਤੁਹਾਡੇ ਜੀਵਨ ਨੂੰ ਖੁਸਨੁਮਾ ਬਣਾਏ।

# ਵਿਧਾਇਕ ਅਸੋਕ ਪਰਾਸਰ ਨੇ ਮੇਨ ਸਿਵਪੁਰੀ ਰੋਡ ਦਾ 78.43 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਸੜਕ ਬਨਾਉਣ ਦੇ ਕੰਮ ਦੀ ਕੀਤੀ ਸ਼ੁਰੂਆਤ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ ਭਾਂਬਰੀ**

ਹਲਕਾ ਲੁਧਿਆਣਾ ਕੇਂਦਰੀ ਦੇ ਵਿਧਾਇਕ ਸ਼੍ਰੀ ਅਸੋਕ ਪਰਾਸਰ ਨੇ ਵਾਰਡ ਨੰਬਰ 59 ਅਤੇ 85 ਦੇ ਏਰੀਏ ਵਿੱਚ ਪੈਂਦੀ ਟੂਟੀਆਂ ਵਾਲੇ ਮੰਦਰ ਤੋਂ ਬੁੱਢੇ ਨਾਲੇ ਤੱਕ ਮੇਨ ਸਿਵਪੁਰੀ ਰੋਡ ਦਾ 78.43 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਨਵੀਂ ਸੜਕ ਦੇ ਕੰਮ ਦੀ ਸੁਰੂਆਤ ਕਰਨ ਦਾ ਉਦਘਾਟਨ ਕੀਤਾ। ਇਹ ਸੜਕ ਅੱਗੇ ਲੁਧਿਆਣਾ ਸਹਿਰ ਦੇ ਵਾਰਡ ਨੰਬਰ 86 ਅਤੇ 88 ਦੇ ਏਰੀਏ ਨਾਲ ਜੁੜ ਜਾਵੇਗੀ ਅਤੇ ਇਸ ਸੜਕ ਦੇ ਬਣਨ ਨਾਲ ਲੁਧਿਆਣਾ ਸਹਿਰ ਦੇ ਵਾਸੀਆਂ ਨੂੰ ਬਹੁਤ ਫਾਇਦਾ ਹੋਵੇਗਾ। ਇਸ ਮੌਕੇ ਉਨਾਂ ਨਾਲ ਵਾਰਡ ਨੰਬਰ 59 ਦੇ ਕੌਂਸਲਰ ਸ੍ਰੀਮਤੀ ਪ੍ਰਭਜੋਤ ਕੌਰ ਭੋਲਾ ਅਤੇ ਵਾਰਡ ਨੰਬਰ 64 ਦੇ ਕੌਂਸਲਰ ਸ੍ਰੀ ਰਾਕੇਸ ਪਰਾਸਰ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ। ਵਿਧਾਇਕ ਸ੍ਰੀ ਅਸੋਕ ਪਰਾਸਰ ਨੇ ਕਿਹਾ ਕਿ ਇਹ ਸੜਕ ਬਨਾਉਣ ਲਈ ਇਲਾਕੇ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਮੰਗ ਸੀ ਜਿਸ ਨੂੰ ਪੂਰਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਮੇਰੇ ਹਲਕੇ ਵਿੱਚ ਕਿਸੇ ਵੀ ਕੌਂਸਲਰ ਦੇ ਵਾਰਡ ਦਾ ਕੋਈ ਵੀ ਕੰਮ ਹੋਣ ਵਾਲਾ ਹੈ ਉਸ ਨੂੰ ਉਹ ਪਹਿਲ ਦੇ ਅਧਾਰ ਤੇ ਪਾਰਟੀਬਾਜੀ ਤੋਂ ਉਪਰ ਉਠ ਕੇ ਕਰਵਾਉਣਗੇ ਅਤੇ ਆਉਣ ਵਾਲੇ ਸਮੇ ਵਿੱਚ ਵੀ ਉਹ ਲੁਧਿਆਣਾ ਸਹਿਰ ਅਤੇ ਹਲਕੇ ਦੇ ਵਿਕਾਸ ਕਾਰਜ ਕਰਵਾਉਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ ਅਤੇ ਲੋਕਾਂ ਦੀਆਂ ਆਸਾ 'ਤੇ ਪੂਰਾ ਉਤਰਨਾ ਅਤੇ ਅਣਥਕ ਮਿਹਨਤ ਹੀ ਉਹਨਾਂ ਦਾ ਇੱਕੋ ਇਕ ਟੀਚਾ ਹੈ। ਉਹਨਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਸਹਿਰ ਦੀ ਸਾਫ ਸਫਾਈ ਨੂੰ ਹਰ ਹੀਲੇ ਵਧੀਆ ਬਨਾਉਣ ਅਤੇ ਉਹਨਾਂ ਸਹਿਰ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਇਸ ਸਮਾਜਿਕ ਕੰਮ ਲਈ ਨਗਰ ਨਿਗਮ ਦਾ ਸਹਿਯੋਗ ਕਰਨ। ਉਹਨਾਂ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਸਰਕਾਰ ਲੁਧਿਆਣਾ ਸਹਿਰ ਨੂੰ ਵਧੀਆ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਵਚਨਬੱਧ ਹਨ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਔਕੜ ਪੇਸ ਨਹੀਂ ਆਉਣ ਦਿੱਤੀ ਜਾਵੇਗੀ। ਵਾਰਡ ਨੰਬਰ 59 ਦੇ ਕੌਂਸਲਰ ਸ੍ਰੀਮਤੀ ਪ੍ਰਭਜੋਤ ਕੌਰ ਭੋਲਾ ਨੇ ਵਿਧਾਇਕ ਸ੍ਰੀ ਅਸੋਕ ਪਰਾਸਰ ਦਾ ਧੰਨਵਾਦ ਕਰਦਿਆ ਕਿਹਾ ਕਿ ਮੇਰੇ ਵਾਰਡ ਦੀ ਇਹ ਸੜਕ ਬਣਨ ਦੀ ਮੰਗ ਬੜੇ ਲੰਬੇ ਸਮੇਂ ਤੋਂ ਸੀ ਜਿਸ ਨੂੰ ਵਿਧਾਇਕ ਸ੍ਰੀ ਅਸੋਕ ਪਰਾਸਰ ਨੇ ਪੂਰਾ ਕੀਤਾ ਹੈ। ਇਸ ਮੌਕੇ ਹੋਰਨਾ ਤੋਂ ਇਲਾਵਾ ਸੀਨੀਅਰ ਆਗੂ ਪੀ.ਏ ਸ੍ਰੀ ਸੁਮਿਤ ਕੁਮਾਰ, ਸ੍ਰੀ ਓਮਾ ਦੱਤ ਸਰਮਾ, ਸਾਬਕਾ ਕੌਂਸਲਰ ਸ੍ਰੀ ਸਤਨਾਮ ਆਹੂਜਾ, ਸ੍ਰੀ ਰਾਕੇਸ ਆਨੰਦ ਚਾਹਲ, ਸ੍ਰੀ ਦੀਪਕ ਮਾਕਨ, ਪੰਡਤ ਅਜੇ ਵਸਿਸਟ, ਸ੍ਰੀ ਅਨਿਲ ਗੋਗਨਾ, ਸ੍ਰੀ ਵਿਕਾਸ ਪਰਾਸਰ ਕਾਕੂ, ਸ੍ਰੀ ਸੌਰਵ ਪਰਾਸਰ, ਨਗਰ ਨਿਗਮ ਦੇ ਐਕਸੀਅਨ ਸ੍ਰੀ ਹਰਕੰਵਲਜੀਤ ਸਿੰਘ, ਐਸ.ਡੀ.ਓ ਸ੍ਰੀ ਅਕਸੇ ਬਾਂਸਲ, ਜੀ.ਈ ਸ੍ਰੀ ਅਮਨਦੀਪ ਸਿੰਘ ਤੇ ਸ੍ਰੀ ਵਿਕਾਸ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜਰ ਸਨ।

# ਸ੍ਰੀ ਮੋਹਨ ਜਗਦੀਸਵਰ ਦਿਵਿਆ ਆਸ਼ਰਮ ਵਿਖੇ ਸੱਤ ਦਿਨਾਂ ਗਿਆਨ ਭਗਤੀ ਮਹਾਂਉਤਸਵ ਸ਼ੁਰੂ ਪਹਿਲੇ ਦਿਨ ਵੱਡੀ ਗਿਣਤੀ ਚ ਪਹੁੰਚੇ ਸ਼ਰਧਾਲੂ ਹੋਏ ਮੰਤਰਮੁਗਧ



**ਮਲੋਟ ਮੁਕਤਸਰ/ਗਿਆਨ ਸਾਹਨੀ**

ਅਬੋਹਰ ਰੋਡ ਸਿਥਤ ਸ੍ਰੀ ਮੋਹਨ ਜਗਦੀਸਵਰ ਦਿਵਆ ਆਸਰਮ ਵਿਖੇ ਸੱਤ ਦਿਨਾਂ ਗਿਆਨ ਭਗਤੀ ਮਹਾਂਉਤਸਵ ਧੂਮਧਾਮ ਨਾਲ ਸੁਰੂ ਹੋ ਗਿਆ ਹੈ। ਜਿਸ ਵਿਚ ਦੇਵਭੂਮੀ ਹਿਰਦੁਆਰ ਦੇ ਅਨੰਤ ਸ੍ਰੀ ਵਭੂਸਤ 1008 ਮਹਾਮੰਡਲੇਸਵਰ ਸੁਵਾਮੀ ਦਿਵਆਨੰਦ ਜੀ ਮਹਾਰਾਜ, ਉਨਾਂ ਦੇ ਪਰਮ ਸੇਵਕ ਸੁਵਾਮੀ ਵਵੇਕਾਨੰਦ ਜੀ ਮਹਾਰਾਜ ਅਤੇ ਵਿੰਦਰਾਵਨ ਤੋਂ ਸੁਵਾਮੀ ਸਚਿਦਾਨੰਦ ਜੀ ਮਹਾਰਾਜ ਵਿਸੇਸ ਤੌਰ ਤੇ ਪਧਾਰੇ ਹੋਏ ਨੇ, ਜਿਨਾਂ ਨੇ ਮਹਾਂਉਤਸਵ ਦੇ ਪਿਹਲੇ ਹੀ ਦਿਨ ਸਰਧਾਲੂਆਂ ਨੂੰ ਜਿੱਥੇ ਪ੍ਰਵਚਨਾਂ ਦੀ ਅਤਵਰਖਾ ਚ ਇਸਨਾਨ ਕਰਵਾਇਆ ਉੱਥੇ ਹੀ ਭਜਨ ਗੰਗਾ ਚ ਡੁਬਕੀਆਂ ਲਵਾਈਆਂ। ਇਸ ਮੌਕੇ ਆਸਰਮ ਦਾ ਵਿਹੜਾ ਸਦਗੁਰੂ ਦੇਵ ਮਹਾਰਾਜ ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਇਸ ਮੌਕੇ ਸਰਧਾਲੂਆਂ ਨੇ ਸੁਵਾਮੀ ਵਵੇਕਾਨੰਦ ਜੀ ਮਹਾਰਾਜ ਨੂੰ ਜਨਮਉਤਸਵ ਦੀਆਂ ਵਧਾਈਆਂ ਵੀ ਦਿੱਤੀਆਂ। ਵੱਡੀ ਗਿਣਤੀ ਚ ਸਰਧਾਲੂਆਂ ਨੇ ਪਹੁੰਚ ਕੇ ਮਹਾਂਉਤਸਵ ਦਾ ਖੂਬ ਆਨੰਦ ਮਾਣਿਆ ਤੇ ਸੁਵਾਮੀ ਜੀ ਮਹਾਰਾਜ ਤੋਂ ਅਸੀਰਵਾਦ ਪ੍ਰਾਪਤ ਕੀਤਾ।

# ਵਿਧਾਇਕਾ ਬੀਬੀ ਛੀਨਾ ਨੇ ਪਟਵਾਰਖਾਨੇ ਦੀ ਕੀਤੀ ਚੈਕਿੰਗ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ:** ਵਿਧਾਨ ਸਭਾ ਹਲਕਾ ਦੱਖਣੀ ਦੀ ਵਿਧਾਇਕਾ ਬੀਬੀ ਰਜਿੰਦਰਪਾਲ ਕੌਰ ਛੀਨਾ ਵੱਲੋਂ ਲੁਹਾਰਾ ਦੇ ਪਟਵਾਰਖਾਨੇ ਜਾ ਕੇ ਚੈਕਿੰਗ ਕੀਤੀ ਗਈ । ਇਸ ਮੌਕੇ ਤੇ ਬੀਬੀ ਛੀਨਾ ਨੇ ਪਟਵਾਰਖਾਨੇ ਵਿੱਚ ਆਪੋ ਆਪਣੇ ਕੰਮ ਕਰਵਾਉਣ ਆਏ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਬਹੁਤ ਹੀ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਦਾ ਮੌਕੇ ਤੇ ਹੀ ਹੱਲ ਕਰਵਾਇਆ । ਵਿਧਾਇਕ ਛੀਨਾ ਨੇ ਪਟਵਾਰੀਆਂ ਨੂੰ ਸਰਕਾਰੀ ਜਮੀਨਾਂ ਤੇ ਹੋਏ ਕਬਜ?ਿਆਂ ਬਾਬਤ ਰਿਪੋਰਟਾਂ ਤਿਆਰ ਕਰਨ ਦੇ ਨਿਰਦੇਸ ਦਿੱਤੇ। ਉਨ੍ਹਾਂ ਕਿਹਾ ਕਿ ਸਰਕਾਰੀ ਜਮੀਨਾਂ ਤੇ ਹੋਏ ਸਾਰੇ ਨਾਜਾਇਜ ਕਬਜੇ ਖਾਲੀ ਕਰਵਾਏ ਜਾਣਗੇ। ਇਸ ਮੌਕੇ ਤੇ ਬੀਬੀ ਛੀਨਾ ਨੇ ਇਲਾਕਾ ਵਾਸੀਆਂ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਨੇ ਸਰਕਾਰੀ ਦਫ਼ਤਰਾਂ ਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਬੀੜਾ ਚੁੱਕਿਆ ਹੋਇਆ ਹੈ । ਉਨ੍ਹਾਂ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਹੁਣ ਬਗੈਰ ਰਿਸ਼ਵਤ ਦੇ ਕੰਮ ਹੋਇਆ ਕਰਨਗੇ । ਉਨ੍ਹਾਂ ਪਟਵਾਰਖਾਨੇ ਦੇ ਮੁਲਾਜਮਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਲੋਕਾਂ ਦੇ ਕੰਮ ਤੁਰੰਤ ਕਰਿਆ ਕਰਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਝੱਲਣੀ ਪਵੇ । ਇਸ ਮੌਕੇ ਤੇ ਹਰਪ੍ਰੀਤ ਸਿੰਘ ਪੀ . ਏ ਵੀ ਹਾਜਰ ਸਨ ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



# ਨਸ਼ਾ ਪੀੜਤਾਂ ਲਈ ਮੁੜ ਵਸੇਬਾ ਕੇਂਦਰ ਜਲਦ ਕੀਤਾ ਜਾਵੇਗਾ ਸਥਾਪਿਤ

**ਬਰਨਾਲਾ/ਕਰਨਪ੍ਰੀਤ ਧੰਦਰਾਲ**

ਨਸ਼ੇ ਦੀ ਲਤ ਤੋਂ ਪੀੜਤ ਲੋਕਾਂ ਲਈ ਜ਼ਿਲ੍ਹਾ ਬਰਨਾਲਾ ਵਿਖੇ ਮੁੜ ਵਸੇਬਾ ਕੇਂਦਰ ਸੋਹਲ ਪੱਤੀ ਵਿਖੇ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਕੇਂਦਰ ਵਿਚ 30 ਬੈਡ ਦੀ ਸੁਵਿਧਾ ਹੋਵੇਗੀ, ਜਿਸ ਵਿਚ ਨਸ਼ਾ ਪੀੜਤਾ ਦੇ ਮੁੜ ਵਸੇਬੇ ਉੱਤੇ ਕੰਮ ਕੀਤਾ ਜਾਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਬਰਨਾਲਾ ਡਾ. ਹਰੀਸ਼ ਨਈਅਰ ਨੇ ਅੱਜ ਇਸ ਮੁੜ ਵਸੇਬਾ ਸਬੰਧੀ ਬੁਲਾਈ ਗਈ ਵਿਸ਼ੇਸ ਬੈਠਕ ਨੂੰ ਸੰਬੋਧਨ ਕਰਦਿਆਂ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ 'ਚ ਪੰਜਾਬ ਸਰਕਾਰ ਵੱਲੋਂ ਨਸ਼ਾ ਪੀੜਤਾ ਦੇ ਇਲਾਜ ਲਈ 7 ਓਟ ਕਲੀਨਿਕ ਚਲਾਏ ਜਾ ਰਹੇ ਹਨ। ਇਹ 7 ਓਟ ਕਲੀਨਿਕ ਜ਼ਿਲ੍ਹਾ ਜੇਲ੍ਹ, ਸਿਹਤ ਕੇਂਦਰ ਧਨੌਲਾ, ਭਦੌੜ, ਮਹਿਲ ਕਲਾਂ, ਚੰਨਣਵਾਲ, ਤਪਾ ਅਤੇ ਜ਼ਿਲ੍ਹਾ ਹਸਪਤਾਲ ਬਰਨਾਲਾ ਵਿਖੇ ਚਲਾਏ ਜਾ ਰਹੇ ਹਨ। ਇਸ ਤੋਂ ਇਲਾਵਾ ਸੋਹਲ ਪੱਤੀ ਵਿਖੇ ਮੁੜ ਵਸੇਬਾ ਕੇਂਦਰ ਚੱਲ ਰਿਹਾ ਸੀ, ਜਿਸ ਨੂੰ ਕੋਰੋਨਾ ਮਹਾਂਮਾਰੀ ਦੌਰਾਨ ਕੋਰੋਨਾ ਕੁਆਰਨਟਾਈਂਨ ਕੇਂਦਰ ਵਿਖੇ ਤਬਦੀਲ ਕਰਕੇ 90 ਬੈਡ ਦਾ ਹਸਪਤਾਲ ਬਣਾ ਦਿੱਤਾ ਗਿਆ ਸੀ। ਹੁਣ ਸਿਹਤ ਵਿਭਾਗ ਦੀ ਤਜ਼ਵੀਜ ਉੱਤੇ ਇਸ ਵਿਚੋਂ 30 ਬੈਡ ਨੂੰ ਮੁੜ ਵਸੇਬਾ ਕੇਂਦਰ ਵਿਚ ਤਬਦੀਲ ਕੀਤਾ ਜਾ ਰਿਹਾ ਹੈ ਅਤੇ ਬਾਕੀ ਦੇ 60 ਬੈਡ ਦਾ ਹਸਪਤਾਲ ਬਰਕਰਾਰ ਰੱਖਿਆ ਜਾਵੇਗਾ। ਸਿਹਤ ਵਿਭਾਗ ਵੱਲੋਂ ਦੱਸਿਆ ਗਿਆ ਕਿ ਮੁੜ ਵਸੇਬਾ ਕੇਂਦਰ ਸ਼ੁਰੂ ਕਰਨ ਲਈ ਕੁੱਝ ਸਮਾਨ ਦੀ ਜਰੂਰਤ ਹੈ। ਉਨ੍ਹਾਂ ਦੱਸਿਆ ਕਿ ਬਿਜਲੀ ਦਾ ਕੁਨੈਕਸ਼ਨ ਅਤੇ ਕੁਝ ਫੰਡ ਜਾਰੀ ਕਰਨੇ ਬਾਕੀ ਹਨ। ਡਿਪਟੀ ਕਮਿਸ਼ਨਰ ਬਰਨਾਲਾ ਡਾ. ਹਰੀਸ਼ ਨਈਅਰ ਨੇ ਯਕੀਨ ਦਵਾਇਆ ਕਿ ਜਲਦ ਹੀ ਕੇਂਦਰ 'ਚ ਬੁਨਿਆਦੀ ਢਾਂਚੇ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਦਿੱਤੇ ਜਾਣਗੇ। ਬੈਠਕ ਵਿਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਰਨਾਲਾ ਸ਼੍ਰੀ ਅਮਿਤ ਬੈਂਬੀ, ਸਿਵਲ ਸਰਜਨ ਬਰਨਾਲਾ ਡਾ. ਜਸਬੀਰ ਸਿੰਘ ਔਲਖ, ਡੀ.ਐਮ.ਸੀ ਡਾ. ਗੁਰਮਿੰਦਰ ਔਲਖ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਤੇਅਵਸਪ੍ਰੀਤ ਕੌਰ ਆਦਿ ਹਾਜ਼ਰ ਸਨ।

# ਲੁਧਿਆਣਾ ਦਾ ਮੁਸਲਮਾਨ ਵਰਗ ਕਰੇਗਾ ਹਬੀਬ ਗਰਲਜ ਕਾਲਜ ਦੀ ਸਥਾਪਨਾ

## ਕਾਲਜ 'ਚ ਮੁਸਲਮਾਨ ਬੇਟੀਆਂ ਹਿਜਾਬ, ਸਿੱਖ ਬੇਟੀਆਂ ਦਸਤਾਰ ਤੇ ਹਿੰਦੂ ਬੇਟੀਆਂ ਨੂੰ ਤਿਲਕ ਲਾ ਕੇ ਪੜਨ ਦੀ ਆਜਾਦੀ ਹੋਵੇਗੀ : ਸਾਹੀ ਇਮਾਮ ਦਾ ਐਲਾਨ



**ਲੁਧਿਆਣਾ/ਕਰਨ ਅਗਰਵਾਲ**

ਸਹਿਰ ਦੀ ਇਤਿਹਾਸਿਕ ਜਾਮਾ ਮਸਜਿਦ 'ਚ ਬੀਤੀ ਰਾਤ ਬੁਲਾਈ ਗਈ ਵੱਖ-ਵੱਖ ਮਸਜਿਦਾਂ ਦੇ ਪ੍ਰਧਾਨ ਸਾਹਿਬਾਨ ਅਤੇ ਇਮਾਮ ਸਾਹਿਬਾਨ ਅਤੇ ਸਾਮਾਜਿਕ ਸੰਗਠਨਾਂ ਦੇ ਜਿੰਮੇਦਾਰਾਂ ਦੀ ਮੀਟਿੰਗ 'ਚ ਇੱਕ ਇਤਿਹਾਸਿਕ ਫੈਸਲਾ ਲੈਂਦੇ ਹੋਏ ਸਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਐਲਾਨ ਕੀਤਾ ਕਿ ਲੁਧਿਆਣਾ ਦੇ ਮੁਸਲਮਾਨ ਸਮਾਜ ਵੱਲੋਂ ਦੇਸ ਦੀਆਂ ਬੇਟੀਆਂ ਲਈ ਜਲਦੀ ਹੀ ਲੁਧਿਆਣਾ 'ਚ ਹਬੀਬ ਗਰਲਜ ਕਾਲਜ ਦੀ ਸਥਾਪਨਾ ਕੀਤੀ ਜਾਵੇਗੀ . ਉਨ੍ਹਾਂ ਦੱਸਿਆ ਕਿ ਇਹ ਕਾਲਜ ਮਰਹੂਮ ਸਾਹੀ ਇਮਾਮ ਪੰਜਾਬ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਦਾ ਸੁਫਨਾ ਸੀ ਇਸ ਲਈ ਇਹ ਸੰਸਥਾਨ ਉਨ੍ਹਾਂ ਨੂੰ ਹੀ ਸਮਰਪਿਤ ਕੀਤਾ ਗਿਆ ਹੈ . ਸਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਇਸ ਵਿਸੇ 'ਚ ਬੁਲਾਏ ਗਏ ਪੱਤਰਕਾਰ ਸੰਮੇਲਨ 'ਚ ਅੱਜ ਕਿਹਾ ਕਿ ਲੁਧਿਆਣਾ 'ਚ ਬਣਾਉਣ ਜਾ ਰਹੇ ਹਬੀਬ ਗਰਲਜ ਕਾਲਜ ਲਈ ਜਗ੍ਹਾ ਲੈ ਲਈ ਗਈ ਹੈ ਅਤੇ ਜਲਦੀ ਹੀ ਕੈਂਪਸ ਦਾ ਡਿਜਾਇਨ ਫਾਇਨਲ ਹੁੰਦੇ ਹੀ ਕਾਲਜ ਬਣਨਾ ਸੁਰੂ ਹੋ ਜਾਵੇਗਾ . ਕਾਲਜ ਦਾ ਸਥਾਪਨਾ ਸਮਾਰੋਹ 10 ਸਤੰਬਰ ਨੂੰ ਆਯੋਜਿਤ ਕੀਤਾ ਜਾਵੇਗਾ . ਸਾਹੀ ਇਮਾਮ ਨੇ ਕਿਹਾ ਕਿ ਇਹ ਜਨਰਲ ਕਾਲਜ ਹੋਵੇਗਾ ਇਸ 'ਚ ਸਰਵ ਧਰਮ ਦੀ ਜਰੂਰਤਮੰਦ ਬੇਟੀਆਂ ਨੂੰ ਮੁਫਤ 'ਚ ਸਿੱਖਿਆ ਵੀ ਦਿੱਤੀ ਜਾਵੇਗੀ . ਸਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਇਸ ਕਾਲਜ 'ਚ ਮੁਸਲਮਾਨ ਬੇਟੀਆਂ ਹਿਜਾਬ, ਸਿੱਖ ਬੇਟੀਆਂ ਦਸਤਾਰ ਅਤੇ ਹਿੰਦੂ ਬੇਟੀਆਂ ਨੂੰ ਤਿਲਕ ਲਾ ਕੇ ਪੜਣ ਦੀ ਆਜਾਦੀ ਹੋਵੇਗੀ, ਕਿਸੇ ਵੀ ਬੇਟੀ 'ਤੇ ਪਹਿਰਾਵੇ ਨੂੰ ਲੈ ਕੇ ਕੋਈ ਰੋਕ ਨਹੀਂ ਲਗਾਈ ਜਾਵੇਗੀ . ਉਨ੍ਹਾਂ ਦੱਸਿਆ ਕਿ ਹਬੀਬ ਗਰਲਜ ਕਾਲਜ 'ਚ ਐਮ.ਏ, ਬੀ. ਏ, ਸਹਿਤ ਸਾਰੇ ਡਿਗਰੀ ਕੋਰਸ ਕਰਵਾਏ ਜਾਣਗੇ . ਸਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਇਸ ਕਾਲਜ ਦੀ ਸਾਨਦਾਰ ਇਮਾਰਤ ਨੂੰ ਬਣਾਉਣ ਲਈ ਸਹਿਰ ਅਤੇ ਸੂਬੇ ਦੀਆਂ ਸਾਰੀਆਂ ਮਸਜਿਦਾਂ ਦੇ ਨਮਾਜੀ ਯੋਗਦਾਨ ਦੇਣਗੇ . ਇਸ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਹਿਰਾਰ ਫਾਉਂਡੇਸਨ (ਐਨ.ਜੀ.ਓ) ਦੀ ਸਥਾਪਨਾ ਕਰ ਦਿੱਤੀ ਗਈ ਹੈ . ਸਾਹੀ ਇਮਾਮ ਨੇ ਦੱਸਿਆ ਕਿ ਹਬੀਬ ਗਰਲਜ ਕਾਲਜ ਦੇ ਮਾਰਗ ਦਰਸਨ ਲਈ ਬੁੱਧੀ ਜੀਵੀਆਂ ਉਦਯੋਗਪਤੀਆਂ, ਨੌਕਰਸਾਹੀ ਅਤੇ ਧਾਰਮਿਕ ਵਿਦਵਾਨਾਂ 'ਤੇ ਆਧਾਰਿਤ ਐਡਵਾਇਜਰੀ ਬੋਰਡ ਬਣਾਇਆ ਜਾ ਰਿਹਾ ਹੈ . ਸਾਹੀ ਇਮਾਮ ਨੇ ਦੱਸਿਆ ਕਾਲਜ ਦਾ ਹਾਸਟਲ ਨਾਲ ਹੀ ਬਣੇਗਾ ਤਾਂਕਿ ਪੰਜਾਬ ਦੇ ਸਾਰੇ ਸਹਿਰਾਂ ਤੋਂ ਘੱਟਗਿਣਤੀ ਵਰਗ ਦੀਆਂ ਬੇਟੀਆਂ ਇੱਥੇ ਰਹਿ ਕੇ ਸਿੱਖਿਆ ਹਾਸਲ ਕਰ ਸਕਣ।

# ਥਾਣਾ ਸਿਟੀ-2 ਦੀ ਪੁਲਿਸ ਵਲੋਂ 2 ਔਰਤਾਂ ਨੂੰ 500 ਨਸੀਲੀਆਂ ਗੋਲੀਆਂ ਸਮੇਤ ਕਾਬੂ ਕਰ ਕੇ ਮਾਮਲਾ ਦਰਜ ਕੀਤਾ

**ਬਰਨਾਲਾ/ਕਰਨਪ੍ਰੀਤ ਧੰਦਰਾਲ**

ਥਾਣਾ ਸਿਟੀ-2 ਦੇ ਥਾਣਾ ਮੁਖੀ ਐਸ. ਐੱਚ. ਓ. ਲਖਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਵਲੋਂ 2 ਔਰਤਾਂ ਨੂੰ 500 ਨਸੀਲੀਆਂ ਗੋਲੀਆਂ ਸਮੇਤ ਕਾਬੂ ਕਰ ਕੇ ਮਾਮਲਾ ਦਰਜ ਕੀਤਾ ਗਿਆ ਹੈ . ਪੁਲਿਸ ਦੇ ਉੱਚ ਅਧਿਕਾਰੀਆਂ ਮਾਨਯੋਗ ਐੱਸ ਐੱਸ ਪੀ ਸਾਹਿਬ ਦੀਆਂ ਸਖਤ ਹਦਾਇਤਾਂ ਅਨੁਸਾਰ ਜ?ਿਲ੍ਹਾ ਬਰਨਾਲਾ ਅੰਦਰ ਕਿਸੇ ਵੀ ਤਸਕਰ ਨੂੰ ਬਖਸ?ਿਆ ਨਹੀਂ ਜਾਵੇਗਾ . ਇਸੇ ਮੁਹਿੰਮ ਤਹਿਤ ਸੂਚਨਾ ਮਿਲੀ ਕਿ ਗੁਰਮੇਲ ਕੌਰ ਪੁੱਤਰੀ ਸੁਰਜੀਤ ਸਿੰਘ, ਬੰਸੋ



ਕੌਰ ਪਤਨੀ ਸੁਖਦੇਵ ਸਿੰਘ ਵਾਸੀਆਨ ਹੰਡਿਆਇਆ ਵੱਡੇ ਪੱਧਰ 'ਤੇ ਨਸਾ ਵੇਚਣ ਦੀਆਂ ਆਦੀ ਹਨ . ਪੂਰੀ ਟੀਮ ਸਮੇਤ ਗਰਚਾ ਰੋਡ ਬਰਨਾਲਾ 'ਤੇ ਨਾਕਾ ਲਾਇਆ ਹੋਇਆ ਸੀ ਤਾਂ ਗੁਰਮੇਲ ਕੌਰ, ਬੰਸੋ ਕੌਰ ਪੈਦਲ ਆ ਰਹੀਆਂ ਹਨ . ਇਨ੍ਹਾਂ ਨੂੰ ਰੋਕ ਕੇ ਤਲਾਸੀ ਲਈ ਗਈ ਤਾਂ ਇਨ੍ਹਾਂ ਕੋਲੋਂ 500 ਨਸੀਲੀਆਂ ਗੋਲੀਆਂ ਬਰਾਮਦ ਹੋਈਆਂ ਦੋਵੇਂ ਔਰਤਾਂ ਨੂੰ ਨਸੇ ਸਮੇਤ ਕਾਬੂ ਕਰ ਕੇ ਮਾਮਲਾ ਦਰਜ ਕਰਦਿਆਂ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ।

# ਜੋਨ ਖਡੂਰ ਸਾਹਿਬ ਦੇ ਪਿੰਡਾਂ ਵਿੱਚ ਕਿਸਾਨ ਮਜਦੂਰ ਸੰਘਰਸ਼ ਕਮੇਟੀ ਵੱਲੋਂ ਇਕਾਈਆਂ ਦੀਆਂ ਚੋਣਾਂ ਮੁਕੰਮਲ



**ਖਡੂਰ ਸਾਹਿਬ/ਜੱਜ ਕੰਡਾ**

ਕਿਸਾਨ ਮਜਦੂਰ ਸੰਘਰਸ ਕਮੇਟੀ ਪੰਜਾਬ ਜੋਨ ਖਡੂਰ ਸਾਹਿਬ ਵੱਲੋ ਪਿੰਡ ਪੱਧਰ ਤੇ ਜ?ਿਲ੍ਹਾ ਆਗੂਆਂ ਦੀ ਦੇਖ-ਰੇਖ ਹੇਠ ਪਹਿਲੀਆ ਇਕਾਈਆਂ ਨੂੰ ਭੰਗ ਕਰਕੇ ਨਵੇਂ ਸਿਰੇ ਤੋ ਇਕਾਈਆਂ ਦੀਆਂ ਚੋਣਾਂ ਕਰਵਾਈਆਂ ਗਈਆ ਜਿਸ ਵਿਚ ਲਾਲਪੁਰਾ, ਉਪਲ, ਗਿੱਲ ਕਲੇਰ, ਫਾਜਲ ਪੁਰ, ਏਕਲਗੱਡਾ, ਸਰਲੀ, ਬੋਦੇਵਾਲ, ਸਰਾਂ ਤਲਵੰਡੀ, ਮੀਆਵਿੰਡ, ਜਵੰਦਪੁਰ, ਬਦੇਸੇ ਸੰਘਰ ਕੋਟ, ਸਹਿਸਰਾ, ਕੋਟਲੀ ਆਦਿ ਪਿੰਡਾਂ ਵਿੱਚ 11 ਮੈਂਬਰੀ ਕੋਰ ਕਮੇਟੀਆਂ ਗਠਿਤ ਕੀਤੀਆਂ ਗਈਆਂ ਇਸ ਮੌਕੇ ਜ?ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ,ਸੂਬਾ ਪ੍ਰੈੱਸ ਸਕੱਤਰ ਹਰਪ੍ਰੀਤ ਸਿੰਘ ਸਿੱਧਵਾਂ, ਫਤਿਹ ਸਿੰਘ ਪਿੰਦੀ,ਦਿਆਲ ਸਿੰਘ ਮੀਆਵਿੰਡ,ਮੁਖਤਾਰ ਸਿੰਘ ਬਿਹਾਰੀਪੁਰ, ਸਤਨਾਮ ਸਿੰਘ ਖੋਜਕੀਪੁਰ,ਪ੍ਰੈਸ ਸਕੱਤਰ ਹਰਜਿੰਦਰ ਸਿੰਘ ਘੱਗੇ, ਨਵਤੇਜ ਸਿੰਘ ਏਕਲਗੱਡਾ, ਤਰਸੇਮ ਸਿੰਘ ਏਕਲਗੱਡਾ, ਅਮਨਦੀਪ ਸਿੰਘ ਸਾਹ ਭਲੋਜਲਾ ਆਦਿ ਆਗੂਆਂ ਦੀ ਟੀਮ ਨੇ ਜੋਨ ਨੂੰ ਤਿੰਨਾਂ ਗਰੁੱਪਾਂ ਵਿਚ ਵੰਡ ਕੇ ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ।

# ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਦਾ 12 ਵਾਂ ਦਿਨ



**ਮਲੋਟ ਮੁਕਤਸਰ/ ਗਿਆਨ ਸਾਹਨੀ:-** ਨਸੇ ਵਿਰੁੱਧ ਜਾਗਰੂਕਤਾ ਦਾ ਦਾ 12ਵਾਂ ਦਿਨ ਸਮਾਜ ਸੇਵੀ ਵਿਨੋਦ ਖੁਰਾਣਾ ਦੀ ਦੇਖ-ਰੇਖ ਵਿੱਚ ਐਂਟੀ ਡਰੱਗਜ ਮੂਵਮੈਂਟ, ਮਲੋਟ ਦਾ ਅੱਜ 12ਵੇਂ ਦਿਨ ਸਫਲਤਾਪੂਰਵਕ ਪ੍ਰਚਾਰ ਜਾਰੀ ਰਿਹਾ। ਅੱਜ ਬੁਰਜਾਂ ਫਾਟਕ ਤੇ ਸ੍ਰੀ ਚੰਦ ਨਗਰ, ਅਤੇ ਏਕਤਾ ਨਗਰ ਚੰਡੀਗੜ੍ਹ ਮੁੱਹਲਾ ਇਲਾਕਿਆਂ ਵਿੱਚ ਨਸਾ ਰੋਕੂ ਪ੍ਰਚਾਰ ਕਰਕੇ ਨੌਜਵਾਨਾਂ ਨੂੰ ਨਸਾ ਛੱਡਣ ਅਤੇ ਮੁਫਤ ਇਲਾਜ ਦੇ ਲਈ ਪ੍ਰੇਰਿਤ ਕੀਤਾ ਗਿਆ। ਪੰਜਾਬ ਪੁਲਿਸ ਦੇ ਸਹਿਯੋਗ ਨਾਲ ਸਮਾਜਸੇਵੀ ਅਨਿਲ ਜੁਨੇਜਾ, ਚਿੰਟੂ ਬੱਠਲਾ, ਡਾ. ਇੰਦਰਜੀਤ ਅਰੋਦੀਆ, ਸੰਭੂ ਮੰਡਲ, ਵਰਿੰਦਰ ਤਨੇਜਾ, ਸੁਰੇਸ ਕੁਮਾਰ ਬਿੱਟੂ, ਧੀਰਜ ਬਜਾਜ, ਪਰਦੀਪ ਦੀਪਾ, ਰਾਜੇਸ ਇੰਦੋਰਾ, ਰਿੰਕੂ ਸਾਬਕਾ ਐਮ.ਸੀ, ਕਮਲ ਬਾਘਲਾ, ਸੁਰਿੰਦਰ ਸਿੰਘ ਅਤੇ ਮੰਗਾ ਕੁਮਾਰ ਨੇ ਅੱਜ ਦੀ ਮੁਹਿੰਮ ਦੌਰਾਨ ਸਹਿਯੋਗ ਦਿੱਤਾ।

# ਘੁਣ ਵਾਂਗ ਖਾ ਰਿਹਾ ਪੰਜਾਬ ਦੀ ਨੌਜਵਾਨੀ ਨੂੰ "ਨਸ਼ਾ"

**ਭੁਲੱਥ/ਧਵਨ:-** ਕਹਿਣ ਨੂੰ ਤਾਂ ਪੰਜਾਬ ਪੰਜ ਦਰਿਆਵਾਂ ਵਾਲੀ ਗੁਰੂਆਂ ਪੀਰਾਂ ਦੀ ਧਰਤੀ ਹੈ ਅਤੇ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ, ਪਰ ਇਸ ਪਵਿੱਤਰ ਧਰਤੀ ਤੇ ਛੇਵਾਂ ਦਰਿਆ ਨਸੇ ਦਾ ਤੇਜੀ ਨਾਲ ਵਗ ਰਿਹਾ ਹੈ, ਜੋ ਪੰਜਾਬ ਲਈ ਮੰਦਭਾਗਾ ਹੈ। ਨਸਾ ਪੰਜਾਬ ਦੇ ਨੌਜਵਾਨਾਂ ਨੂੰ ਘੁਣ ਵਾਂਗ ਖਾ ਰਿਹਾ ਹੈ, ਜਿਸ ਤਰ੍ਹਾਂ ਘੁਣ ਹੌਲੀ ਹੌਲੀ ਲੱਕੜ ਨੂੰ ਖਾ ਜਾਂਦਾ ਹੈ, ਉਸੇ ਤਰ੍ਹਾਂ ਨਸਾ ਨੌਜਵਾਨ ਪੀੜੀ ਦੇ ਖੂਨ ਵਿੱਚ ਰੱਚ ਕੇ ਹੌਲੀ ਹੌਲੀ ਉਸ ਨੂੰ ਤਬਾਹ ਕਰ ਦਿੰਦਾ ਹੈ।

ਨਸੇ ਦੀ ਲਪੇਟ ਵਿੱਚ ਕਈ ਵਾਰ ਨੌਜਵਾਨ ਲੜਕੇ ਅਤੇ ਲੜਕੀਆਂ ਜਦੋਂ ਘਰ ਤੋਂ ਬਾਹਰ ਚੰਗਾ ਭਵਿੱਖ ਬਣਾਉਣ ਲਈ ਕਿਸੇ ਡਿਗਰੀ ਜਾਂ ਡਿਪਲੋਮੇ ਦਾ ਕਾਲਜ ਵਿੱਚ ਦਾਖਲਾ ਲੈਂਦੇ ਹਨ ਤਾਂ ਇਸ ਮਿਲੀ ਅਜਾਦੀ ਦਾ ਫਾਇਦਾ ਗਲਤ ਢੰਗ ਨਾਲ ਉਠਾਉਦੇ ਹਨ, ਕਿਉਕਿ ਇਸ ਉਮਰ ਵਿੱਚ ਏਨੀ ਸਮਝ ਤਾਂ ਹੁੰਦੀ ਨਹੀਂ ਕਿ ਅਸੀਂ ਕੀ ਕਰ ਰਹੇ ਹਾਂ ਅਤੇ ਕੀ ਕਰਨਾ ਸਾਡੇ ਲਈ ਮੁਨਾਸਿਬ ਹੈ। ਕੁੱਝ ਮਾੜੀ ਸੰਗਤ ਦੇ ਸ਼ਿਕਾਰ ਹੋ ਜਾਂਦੇ ਹਨ ਜੈਸੀ ਸੰਗਤ ਤੈਸੀ ਰੰਗਤ ਜਾਂ ਕਈ ਵਾਰ ਘਰੇਲੂ ਪ੍ਰੇਸਾਨੀਆਂ ਤੋ ਤੰਗ ਨਸੇ ਦਾ ਸੇਵਨ ਕਰ ਲੱਗ ਜਾਂਦੇ ਹਨ, ਇਨ੍ਹਾਂ ਤੋ ਇਲਾਵਾ ਹੋਰ ਵੀ ਕਈ ਕਾਰਨ ਹਨ, ਜਿਸ ਕਰਕੇ ਨੋਜਵਾਨ ਨਸੇ ਦੀ ਲਪੇਟ ਵਿੱਚ ਆ ਜਾਂਦੇ ਹਨ, ਅੰਤ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦੇ ਹਨ।

ਪਿਛਲੇ ਇਕ ਦਹਾਕੇ ਤੋਂ ਪੰਜਾਬ ਦੀ ਨੌਜਵਾਨੀ 'ਤੇ ਸਮੈਕ, ਹੈਰੋਇਨ, ਨਸੇ ਦੇ ਟੀਕਿਆਂ ਦਾ ਅਜਿਹਾ ਹਮਲਾ ਹੋਇਆ ਕਿ ਸਮੇਂ ਦੀ ਸਰਕਾਰ ਨੂੰ ਸਮਝ ਹੀ ਨਹੀਂ ਆਈ ਕਿ ਉਹ ਇਸ ਹਮਲੇ ਨੂੰ ਰੋਕਣ ਲਈ ਕੀ ਕਰੇ, ਕਿਉਂਕਿ ਇਨ੍ਹਾਂ ਨਸ਼ਿਆਂ ਦੀ ਸਪਲਾਈ 'ਚ ਕਿਤੇ ਨਾ ਕਿਤੇ ਕੁਝ ਸਿਆਸੀ ਲੀਡਰ ਜਾਂ ਪੁਲਸ ਪ੍ਰਸਾਸਨ ਦੇ ਆਲ੍ਹਾ ਅਧਿਕਾਰੀ ਵੀ ਸਾਮਲ ਰਹੇ ਸਨ, ਪਰ ਇਹ ਹਨੇਰੀ ਅਜਿਹੀ ਚੱਲੀ ਕਿ ਹੁਣ ਤੱਕ ਨਾ ਤਾਂ ਨਸਾ ਸਮੱਗਲਰਾਂ ਦੀ ਚੇਨ ਟੁੱਟ ਸਕੀ, ਨਾ ਨਸਾ ਬੰਦ ਹੋਇਆ ਅਤੇ ਨਾ ਹੀ ਨੌਜਵਾਨਾਂ ਦੀਆਂ ਮੌਤਾਂ ਦਾ ਸਿਲਸਿਲਾ ਬੰਦ ਹੋ ਸਕਿਆ।

ਸਰਕਾਰ ਨੇ ਇਕੋ ਹੱਲ ਕੱਢਿਆ ਕਿ ਨਸੇੜੀ ਨੌਜਵਾਨਾਂ ਨੂੰ ਨਸਾ ਛੱਡਣ ਲਈ ਸਰਕਾਰੀ ਹਸਪਤਾਲਾਂ 'ਚੋਂ ਗੋਲੀਆਂ ਦਿੱਤੀਆਂ ਜਾਦੀਆਂ ਹਨ, ਜਿਸਦਾ ਮੰਤਵ ਕਿ ਨਸੇ ਦੀ ਤੋੜ ਨਾ ਆਵੇ ਅਤੇ ਆਦਮੀ ਨਸਾ ਨਾ ਕਰੇ। ਪਰ ਅਵਸੋਸ ਦੀ ਗੱਲ ਕਿ ਇਹ ਗੋਲੀ ਵੀ ਹੁਣ ਨਸੇ ਦੀ ਗੋਲੀ ਬਣ ਚੁੱਕੀ ਹੈ ਅਤੇ ਕਈ ਇਸ ਗੋਲੀ ਦੇ ਆਦੀ ਹੋ ਚੁੱਕੇ ਹਨ। ਇਸ ਸਬੰਧੀ ਜਾਣਕਾਰੀ ਮਿਲੀ ਕਿ ਜਦੋਂ ਵੀ ਕਿਤੇ ਸਰਕਾਰ ਜਾਂ ਪੁਲਸ ਨਸਾ ਸਮੱਗਲਰਾਂ 'ਤੇ ਸ਼ਿਕੰਜਾ ਕੱਸਦੀ ਹੈ ਤਾਂ ਨਸੇੜੀਆਂ ਦਾ ਇਹ ਗੋਲੀਆਂ ਹੀ ਸਹਾਰਾ ਬਣਦੀਆਂ ਹਨ ਅਤੇ ਕਿਉਂਕਿ ਜਦੋਂ ਤੱਕ ਨਸੇੜੀ ਇਹ ਗੋਲੀਆਂ ਨਹੀਂ ਖਾਂਦੇ, ਉਦੋਂ ਤੱਕ ਉਨ੍ਹਾਂ ਦਾ ਸਰੀਰ ਕੰਮ ਕਰਨ ਦੇ ਯੋਗ ਨਹੀਂ ਹੁੰਦਾ ਤੇ ਦੂਜਾ ਇਹ ਗੋਲੀਆਂ ਸਰਕਾਰੀ ਤੌਰ 'ਤੇ ਮੁਫਤ ਮਿਲ ਰਹੀਆਂ ਹਨ। ਇਥੋਂ ਤੱਕ ਕਿ ਜਿਹੜੇ ਨੌਜਵਾਨ ਨਸਾ ਵੀ ਨਹੀਂ ਕਰਦੇ ਸਨ, ਉਹ ਵੀ ਇਸ ਗੋਲੀ ਦੇ ਸੇਵਨ 'ਚ ਫਸ ਚੁੱਕੇ ਹਨ। ਜਿਸ ਕਰ ਕੇ ਇੰਞ ਲੱਗ ਰਿਹਾ ਹੈ ਕਿ ਪਾਬੰਦੀਸੁਦਾ ਨਸ਼ਿਆਂ ਨੂੰ ਛੱਡ ਕੇ ਨੌਜਵਾਨ ਇਨ੍ਹਾਂ ਗੋਲੀਆਂ ਦੇ ਆਦੀ ਹੋ ਗਏ ਹਨ। ਜੇਕਰ ਹਸਪਤਾਲਾਂ ਦਾ ਦੌਰਾ ਕੀਤਾ ਜਾਵੇ ਤਾਂ ਸੈਂਕੜਿਆਂ ਦੀ ਗਿਣਤੀ 'ਚ ਨੌਜਵਾਨ ਇਹ ਗੋਲੀਆਂ ਲੈਣ ਲਈ ਲਾਈਨਾਂ 'ਚ ਲੱਗ ਕੇ ਧੱਕਾ-ਮੁੱਕੀ ਕਰਦੇ ਦੇਖੇ ਜਾ ਸਕਦੇ ਹਨ। ਜਿਨ੍ਹਾਂ 'ਚੋਂ ਬਹੁਤੇ ਨੌਜਵਾਨ ਇਹ ਗੋਲੀਆਂ ਖਾਣ ਦੇ ਨਾਲ-ਨਾਲ ਬਾਕੀ ਖਤਰਨਾਕ ਨਸੇ ਵੀ ਕਰ ਰਹੇ ਹਨ, ਜੋ ਜ਼ਿੰਦਗੀ ਦੇ ਅੰਤਿਮ ਪੜਾਅ 'ਚ ਪੁੱਜ ਚੁੱਕੇ ਹਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ 'ਚ ਰੱਖਦਿਆਂ ਸਰਕਾਰ ਵੱਲੋਂ ਇਸ ਸਮੱਸਿਆ ਦਾ ਕੋਈ ਢੁੱਕਵਾਂ ਅਤੇ ਠੋਸ ਹੱਲ ਕੱਢਣ ਦੀ ਲੋੜ ਹੈ।

ਨਸੇ ਨੇ ਪੰਜਾਬ ਦੀ ਨੋਜਵਾਨੀ ਦੀ ਬਹੁਤ ਵੱਡੇ ਪੱਧਰ ਤੇ ਬਰਬਾਦੀ ਕੀਤਾ ਹੈ। ਕਈ ਮਾਵਾਂ ਨੇ ਆਪਣੇ ਪੁੱਤ ਗਵਾ ਲਏ, ਕਈ ਭੈਣਾਂ ਨੇ ਆਪਣੇ ਭਰਾਂ, ਕਈ ਸੁਹਾਗਣਾ ਦੇ ਸਿਰ ਦਾ ਸੰਦੂਰ ਮਿਟਿਆ, ਕਈ ਘਰਾਂ ਦਾ ਜਗਦਾ ਦੀਵਾ ਬੁਝਿਆ ਅਤੇ ਕਈ ਛੋਟੇ ਬੱਚਿਆਂ ਦੇ ਸਿਰ ਤੋ ਪਿਉ ਦਾ ਸਾਇਆ ਹਟਿਆ। ਨਸਾ ਇਸ ਕਦਰ ਰੱਚ ਗਿਆ ਕਿ ਕਿਤੇ ਕਿਤੇ ਸੱਚੇ-ਸੁੱਚੇ ਰਿਸਤੇ ਸਰਮਸਾਰ ਹੋ ਚੁੱਕੇ ਹਨ। ਨਸਾ ਕਰਨ ਵਾਲੇ ਨਸੇ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੇ ਬੁਰੇ ਕੰਮ ਕਰਨੇ ਸੁਰੂ ਕਰ ਦਿੰਦੇ ਹਨ, ਜਿਵੇਂ ਚੋਰੀਆਂ, ਲੁੱਟ-ਖੋਹ, ਡਕੈਤੀ ਅਜਿਹੇ ਕੰਮ ਕਰਦੇ ਹਨ।

ਇਹ ਇੱਕ ਚਿੰਤਾ ਦਾ ਵਿਸਾ ਹੈ। ਪੰਜਾਬ ਚੋ' ਨਸਾ ਖਤਮ ਕਰਨ ਲਈ ਪ੍ਰਸਾਸਨ ਤੋ ਇਲਾਵਾ ਆਮ ਲੋਕਾਂ ਨੂੰ ਯਤਨ ਕਰਨਾ ਚਾਹੀਦਾ ਹੈ। ਜੇਕਰ ਕਿਤੇ ਨਸਾਂ ਤਸੱਕਰ ਦਿਖਦਾ ਹੈ ਤਾਂ ਪੁਲਿਸ ਨੂੰ ਗੁਪਤ ਰੂਪ ਵਿੱਚ ਇਤਲਾਹ ਕਰੋ। ਨਸਾ ਸੇਵਨ ਕਰਨ ਵਾਲੇ ਨੂੰ ਸਮਝਾਉਣ ਤੋ ਇਲਾਵਾ ਨਸਾ ਛਡਾਉ ਕੇਂਦਰਾਂ ਵਿੱਚ ਭੇਜੋ, ਨਵੀ ਪਨੀਰੀ ਨੂੰ ਦੱਸੋ ਕਿ ਨਸਾ ਇੱਕ ਕੋਹੜ ਹੈ, ਇਸ ਤੋ ਦੂਰ ਰਹਿਣ ਅਤੇ ਨੋਜਵਾਨੀ ਨੂੰ ਖੇਡਾਂ ਵੱਲ ਪ੍ਰਰਿਤ ਕੀਤਾ ਜਾਵੇ। ਕਿਉਂਕਿ ਇਨਸਾਨ ਦੀ ਚੰਗੀ ਸਿਹਤ ਹੀ ਉਸਦੀ ਦੋਲਤ ਹੈ। ਨਸਾ ਤੱਸਕਰ ਨੂੰ ਕਿਸੇ ਰੂਪ ਵਿੱਚ ਬਖਸ਼ਿਆਂ ਨਾ ਜਾਵੇ ਅਤੇ ਕੋਈ ਮੋਹਤਵਾਰ ਵਿਅਕਤੀ ਨਸਾ ਵਿਕਰੇਤਾ ਨੂੰ ਬਚਾਉਣ ਦਾ ਯਤਨ ਨਾ ਕਰੇ, ਫਿਰ ਨਸਾ ਰੁਕਣ ਦੇ ਅਸਾਰ ਪੈਦਾ ਹੋ ਸਕਦੇ ਹਨ।

ਗੱਲ ਕਰੀਏ ਭੁਲੱਥ ਦੀ ਤਾਂ ਹਲਾਤ ਭੁਲੱਥ ਦੇ ਦਿਨੋਂ-ਦਿਨ ਗੰਭੀਰ ਹੁੰਦੇ ਜਾ ਰਹੇ ਹਨ, ਦੋ ਮਹੀਨਿਆਂ ਵਿੱਚ ਦੋ ਨੋਜਵਾਨ ਨਸੇ ਕਰਕੇ ਮੋਤ ਦੇ ਮੂੰਹ ਚਲੇ ਗਏ ਹਨ ਅਤੇ ਹੱਸਦੇ-ਵੱਸਦੇ ਘਰ ਬਰਬਾਦ ਹੋ ਗਏ ਹਨ। ਇਸ ਤੋ ਪਹਿਲਾ ਵੀ ਨੋਜਵਾਨ ਨਸੇ ਕਰਕੇ ਮੋਤ ਦੇ ਮੂੰਹ ਜਾ ਚੁੱਕੇ ਹਨ। ਪਿਛਲੀ ਦਿਨੀਂ ਮੁੱਖ ਮੰਤਰੀ ਪੰਜਾਬ ਵੱਲੋਂ ਨਸੇ ਨੂੰ ਕਾਬੂ ਕਰਨ ਲਈ ਜਿਲਾ ਪੁਲਿਸ ਮੁੱਖੀਆਂ ਤੇ ਥਾਣਾ ਮੁੱਖੀਆਂ ਨੂੰ ਦਿੱਤੇ ਗਏ ਨਿਰਦੇਸ ਨਸਾ ਵਿਕਰੇਤਾ ਨੂੰ ਕਾਬੂ ਕਰਨ ਵਿੱਚ ਅਸਰਦਾਰ ਸਾਬਤ ਹੋਣਗੇ। ਉਮੀਦ ਕਰਦੇ ਨਵੀ ਸਰਕਾਰ ਨਸੇ ਨੂੰ ਢੱਲ ਪਾਉਣ, ਨੋਜਵਾਨੀ ਨੂੰ ਇਸ ਕੋਹੜ ਤੋ ਬਚਾਉਣ ਵਿੱਚ ਕਾਮਯਾਬ ਹੋਵੇਗੀ।

# ਜੇ.ਸੀ.ਆਈ ਕਲੱਬ ਰਾਏਕੋਟ ਵਲੋਂ ਪ੍ਰੈਸ ਕਲੱਬ ਰਾਏਕੋਟ ਦੇ ਸਹਿਯੋਗ ਨਾਲ ਅੱਖਾਂ ਦੀ ਮੁਫ਼ਤ ਜਾਂਚ ਦਾ ਕੈਂਪ ਲਗਾਇਆ





**ਰਾਏਕੋਟ/ਗੁਰਭਿੰਦਰ ਗੁਰੀ**

ਜੇ.ਸੀ.ਆਈ ਕਲੱਬ ਰਾਏਕੋਟ ਵਲੋਂ ਅੱਜ ਇੱਥੇ ਡਾ. ਰਮੇਸ ਆਈ ਕੇਅਰ ਲੇਸਿਕ ਲੇਜ਼ਰ ਸੈਂਟਰ ਅਤੇ ਪ੍ਰੈਸ ਕਲੱਬ ਰਾਏਕੋਟ ਦੇ ਸਹਿਯੋਗ ਨਾਲ ਅੱਖਾਂ ਦੀ ਮੁਫ਼ਤ ਜਾਂਚ ਦਾ ਕੈਂਪ ਲਗਾਇਆ ਗਿਆ। ਜਿਸਦਾ ਉਦਘਾਟਨ ਜੇ.ਸੀ.ਆਈ ਦੇ ਕੌਮੀ ਪ੍ਰਧਾਨ ਅੰਸ਼ੂ ਸਰਾਫ਼ ਵਲੋਂ ਕੀਤਾ ਗਿਆ, ਇਸ ਮੌਕੇ ਉਨ੍ਹਾਂ ਨਾਲ ਜੇ.ਸੀ.ਆਈ ਦੇ ਜੋਨ-1 ਪ੍ਰਧਾਨ ਤੁਸ਼ਾਰ ਮਿੱਤਲ ਅਤੇ ਕੋਆਡੀਨੇਟਰ ਜਗਦੀਪ ਸਿੰਘ ਕਲਸੀ ਵੀ ਉਚੇਚੇ ਤੌਰ ਤੇ ਹਾਜ਼ਰ ਸਨ। ਇਸ ਮੌਕੇ ਬੋਲਦੇ ਹੋਏ ਜੇ.ਸੀ.ਆਈ ਦੇ ਕੌਮੀ ਪ੍ਰਧਾਨ ਅੰਸ਼ੂ ਸਰਾਫ਼ ਨੇ ਜੇ.ਸੀ.ਆਈ ਕਲੱਬ ਅਤੇ ਪ੍ਰੈਸ ਕਲੱਬ ਰਾਏਕੋਟ ਵਲੋਂ ਕੀਤੇ ਗਏ ਇਸ ਸਮਾਜ ਭਲਾਈ ਦੇ ਉਪਰਾਲੇ ਨੂੰ ਸ਼ਲਾਘਾਯੋਗ ਦੱਸਦੇ ਹੋਏ ਡਾ. ਰਮੇਸ਼ ਮਨਸੂਰਾਂ ਵਾਲਿਆਂ ਵਲੋਂ ਸ਼ੁਰੂ ਕੀਤੇ ਗਏ ਪੁਨਰਜੋਤ ਮਿਸ਼ਨ ਦੀ ਵੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਡਾ. ਜਸਵਿੰਦਰ ਵਸ਼ਿਸ਼ਟ ਅਤੇ ਡਾ. ਗੌਤਮ ਰਿਸ਼ੀ ਦੀ ਅਗਵਾਈ 'ਚ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ 147 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਡਾ. ਜਸਵਿੰਦਰ ਸਿੰਘ ਵਸ਼ਿਸ਼ਟ ਨੇ ਕਿਹਾ ਕਿ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਨੂੰ ਆਪਣੀਆਂ ਅੱਖਾਂ ਦਾ ਵਿਸ਼ੇਸ਼ ਖਿਆਲ ਰੱਖਣਾ ਚਾਹੀਦਾ ਹੈ ਅਤੇ ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਜਰੂਰ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਜੇ.ਸੀ.ਆਈ ਕਲੱਬ ਦੇ ਪ੍ਰਧਾਨ ਸੁਸ਼ੀਲ ਕੁਮਾਰ ਦੀ ਅਗਵਾਈ 'ਚ ਕਲੱਬ ਮੈਂਬਰਾਂ ਵਲੋਂ ਆਏ ਹੋਏ ਮਹਿਮਾਨਾਂ ਅਤੇ ਸਹਿਯੋਗੀ ਸੱਜਣਾਂ ਦਾ ਸਨਮਾਨ ਕਰਨ ਦੇ ਨਾਲ ਧੰਨਵਾਦ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਹੰਮਦ ਅਖ਼ਤਰ ਜ਼ੁਬੇਰੀ, ਸਕੱਤਰ ਨਾਜ਼ਿਮ ਮੁਹੰਮਦ, ਸੰਦੀਪ ਸਿੰਘ ਸੋਨੀ, ਪ੍ਰਧਾਨ ਜਸੰਵਤ ਸਿੰਘ ਸਿੱਧੂ, ਰਘਵੀਰ ਸਿੰਘ ਜੱਗਾ, ਗੁਰਭਿੰਦਰ ਗੁਰੀ . ਸੰਜੀਵ ਭੱਲਾ ਪ੍ਰਵੀਨ ਅੱਗਰਵਾਲ, ਨਾਮਪ੍ਰੀਤ ਗੋਗੀ, ਸੁਸ਼ੀਲ ਵਰਮਾਂ, ਹਾਕਮ ਸਿੰਘ (ਬਾਲਾ ਜੀ ਸਵੀਟਸ), ਮਾਸਟਰ ਰਾਜਨ ਸਿੰਘ, ਗੁਰਨਾਮ ਸਿੰਘ, ਅਲੋਕ ਵਰਮਾਂ ਆਦਿ ਵੀ ਹਾਜ਼ਰ ਸਨ।

# ਗਊਸ਼ਾਲਾ ਗੋਲੇਵਾਲਾ ਚੋ ਦਾਨੀ ਸੱਜਣਾਂ ਵੱਲੋਂ ਹਰੇ ਪੱਠਿਆਂ ਦੀ ਤੂੜੀ ਦੀ ਚੋਕਰ ਦੀ ਵਿਦੇਸਾਂ ਦੇਸ਼ਾਂ ਵਿਚੋਂ ਸੇਵਾ ਕਰਨ ਤੇ ਗਊਸ਼ਾਲਾ ਗਰੁੱਪ ਵੱਲੋਂ ਧੰਨਵਾਦ





**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਵਾਲਾ**

ਵੀਰ ਜੀ ਗਾਊਸਾਲਾ ਸੇਵਾਦਾਰ ਗਰੁੱਪ ਵਲੋਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਜੀ ਜਿਨ੍ਹਾਂ ਨੇ ਬੇਜੁਬਾਨ ਜਾਨਵਰਾਂ ਦੇ ਪੇਟ ਪੂਰਤੀ ਲਈ ਸਪੈਸਲ ਹਰੇ ਪੱਠਿਆਂ ਦੀ ਸੇਵਾ ਵਿਦੇਸਾਂ ਵਿੱਚੋਂ ਦਾਨੀ ਸੱਜਣੋ ਗਾਊਸਾਲਾ ਗੋਲੇ ਵਾਲਾ ਵਿੱਚ ਹਰੇ ਪੱਠਿਆਂ ਦੀ 2 ਦਿਨਾ ਦੀ ਸੇਵਾ ਸੁਖਮੰਦਰ ਸਿੰਘ ਸਿਵੀਆ ਪੁੱਤਰ ਫਲੇਲ ਸਿੰਘ ਹੱਸਣ ਭੱਟੀ ਉਰਫ ਇੰਗਲੈਂਡ ਵਾਲੇ ਦੇ ਸਮੂਹ ਪਰਿਵਾਰ ਵੱਲੋਂ ਸੇਵਾ ਭੇਜੀ ਗਈ ਹੈ ਜੀ ਗਾਊਸਾਲਾ ਸੇਵਾਦਾਰ ਗਰੁੱਪ ਵਲੋਂ ਸੁਖਮੰਦਰ ਸਿੰਘ ਇੰਗਲੈਂਡ ਦੇ ਸਮੂਹ ਪਰਿਵਾਰ ਦਾ ਬਹੁਤ ਬਹੁਤ ਧੰਨਵਾਦ ਜੀ। ਜਿਨ੍ਹਾਂ ਨੇ ਪ੍ਰਦੇਸਾਂ ਵਿੱਚ ਬੈਠਿਆਂ ਨੇ ਵੀ ਬੇਜਬਾਨ ਜਾਨਵਰਾਂ ਦੇ ਪੇਟ ਪੂਰਤੀ ਲਈ ਸਪੈਸਲ ਹਰੇ ਪੱਠਿਆਂ ਦੀ ਸੇਵਾ ਭੇਜੀ ਹੈ ਜੀ ਵਾਹਿਗੁਰੂ ਪਰਿਵਾਰ ਨੂੰ ਤੰਦਰੁਸਤੀ ਬਖਸੇ। ਧੰਨਵਾਦ ਜੀ।ਦਾਨੀ ਸੱਜਣੋ ਵਾਹਿਗੁਰੂ ਤਹਾਨੂੰ ਤੰਦਰੁਸਤੀ ਬਖਸੇ ਸਾਰਿਆਂ ਨੂੰ ਦਾਨੀ ਸੱਜਣੋ ਤੁਹਾਡੀ ਮਿਹਰਬਾਨੀ ਦੇ ਨਾਲ ਗਾਊਸਾਲਾ ਵਿੱਚ ਜਿਹੜੇ ਬੇਜੁਬਾਨ ਜਾਨਵਰ ਹੈ ਉਹਨਾਂ ਦਾ ਗੁਜਾਰਾ ਹੋ ਰਿਹਾ ਹੈ ਕਿਰਪਾ ਕਰਕੇ ਤੁਸੀਂ ਜਿਵੇਂ ਪਿਛਲੇ ਲੰਮੇ ਸਮੇਂ ਤੋਂ ਗਾਊਆ ਦੀ ਸੇਵਾ ਕਰਦੇ ਆ ਰਹੇ ਹੈਂ। ਜੋ ਇਹ ਸੇਵਾ ਪੱਤਰਕਾਰ ਅੰਗਰੇਜ਼ ਸਿੰਘ ਬਰਾੜ ਡੱਲੇਵਾਲਾ ਤੇ ਹੋਰ ਵੀ ਦਾਨੀ ਸੱਜਣਾ ਸੇਵਾਦਾਰਾਂ ਅਤੇ ਗਊਸ਼ਾਲਾ ਗਰੁੱਪ ਵੱਲੋਂ ਬਡੀ ਹੀ ਤਨ ਦੇਹੀ ਨਾਲ ਅਤੇ ਸਾਰੇ ਆਸੇ ਪਾਸੇ ਦੇ ਪਿੰਡਾਂ ਦੇ ਨੌਜਵਾਨਾਂ ਦੇ ਉਪਰਾਲੇ ਨਾਲ ਸੇਵਾ ਕੀਤੀ ਜਾ ਰਹੀ ਹੈ ਤਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਜੀ ਥੋੜੇ ਜਿਹੇ ਦਿਨਾਂ ਤੱਕ ਗਾਊਸਾਲਾ ਗੋਲੇ ਵਾਲਾ ਵਿੱਚ ਹਰੇ ਪੱਠੇ ਤਿਆਰ ਹੋ ਜਾਣਗੇ ਉਨੇ ਦਿਨ ਕਿਰਪਾ ਕਰਕੇ ਹਰੇ ਪੱਠਿਆਂ ਦੀ ਸੇਵਾ ਜਰੂਰੀ ਹੈ ਸੋ ਕਿਰਪਾ ਕਰਕੇ ਗਾਊਆ ਹਰੇ ਪੱਠਿਆਂ ਦੀ ਸੇਵਾ ਕਰਨ ਲਈ ਸੰਪਰਕ ਕਰੋ ਜੀ। ਗਾਊਸਾਲਾ ਸੇਵਾਦਾਰ ਗਰੁੱਪ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹੈ ਜੀ।

# ਬੀ.ਕੇ.ਯੂ ਉਗਰਾਹਾਂ ਜੱਥੇਬੰਦੀ ਡਿਪਟੀ ਕਮਿਸਨਰ ਸ੍ਰੀ ਮੁਕਤਸਰ ਸਾਹਿਬ ਨੂੰ ਦੇਵੇਗੀ ਮੰਗ ਪੱਤਰ

**ਮਲੋਟ ਮੁਕਤਸਰ/ਗਿਆਨ ਸਾਹਨੀ:-** ਪਿਛਲੇ ਸਾਲ ਗੁਲਾਬੀ ਸੁੰਡੀ ਕਾਰਨ ਖਰਾਬ ਹੋਈ ਨਰਮੇ ਦੀ ਫਸਲ ਦੇ ਮੁਆਵਜੇ ਨੂੰ ਲੈ ਕੇ ਅੱਜ ਬੀ.ਕੇ.ਯੂ ਉਗਰਾਹਾਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਡਿਪਟੀ ਕਮਿਸਨਰ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਬੀ.ਕੇ.ਯੂ ਏਕਤਾ ਉਗਰਾਹਾਂ ਬਲਾਕ ਮਲੋਟ ਦੇ ਪ੍ਰਧਾਨ ਕੁਲਦੀਪ ਸਿੰਘ ਕਰਮਗੜ੍ਹ ਨੇ ਦੱਸਿਆ ਕਿ ਪਿਛਲੇ ਸਾਲ ਗੁਲਾਬੀ ਸੁੰਡੀ ਨੇ ਨਰਮਾ ਪੱਟੀ ਦੇ ਇਸ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਕਾਫੀ ਨੁਕਸਾਨ ਕੀਤਾ ਸੀ । ਪੰਜਾਬ ਦੀ ਸਰਕਾਰ ਨੇ ਇਸ ਜ਼ਿਲ੍ਹੇ ਦੇ ਕਿਸਾਨਾਂ ਨੂੰ ਵੀ ਖਰਾਬ ਹੋਈ ਫਸਲ ਦਾ ਮੁਆਵਜਾ ਦੇਣ ਦਾ ਵਾਅਦਾ ਕੀਤਾ ਸੀ। ਪਰ ਸਰਕਾਰ ਦਾ ਇਹ ਵਾਅਦਾ ਅਜੇ ਤੱਕ ਵਫਾ ਨਹੀਂ ਹੋ ਸਕਿਆ। ਸਰਕਾਰ ਨੂੰ ਕੀਤੇ ਹੋਏ ਵਾਅਦੇ ਦੀ ਯਾਦ ਦਿਵਾਉਣ ਲਈ ਹੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਮਲੋਟ, ਲੰਬੀ ਅਤੇ ਗਿੱਦੜਬਾਹਾ ਬਲਾਕ ਦੇ ਕਿਸਾਨ ਇੱਕਠੇ ਹੋ ਕੇ ਡੀ. ਸੀ ਨੂੰ ਮੰਗ ਪੱਤਰ ਦੇਣਗੇ। ਜੇਕਰ ਸਰਕਾਰ ਨੇ ਜਲਦੀ ਇਸ ਮਸਲੇ ਨੂੰ ਹੱਲ ਕਰਨ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਜੱਥੇਬੰਦੀ ਮਜਬੂਰਨ ਸੰਘਰਸ ਦਾ ਰਾਹ ਅਪਣਾਇਆ ਜਾਵੇਗਾ।

# ਡੇਰਾ ਸੱਚਾ ਸੌਦਾ ਸਾਂਝਾ ਧਾਮ ਮਲੋਟ ਦੁਵਾਰਾ ਗਰੀਬ ਬੱਚਿਆਂ ਨੂੰ ਨਵੇਂ ਕੱਪੜੇ ਵੰਡੇ ਗਏ



**ਮਲੋਟ ਮੁਕਤਸਰ/ਗਿਆਨ ਸਾਹਨੀ:-** ਬਲਾਕ ਮਲੋਟ ਦੀ ਸਾਧ-ਸੰਗਤ ਦੁਆਰਾ ਡੇਰਾ ਸੱਚਾ ਸੌਦਾ ਸਾਂਝਾ ਧਾਮ ਮਲੋਟ ਵਿਖੇ 107 ਲੋੜਵੰਦ ਬੱਚਿਆਂ ਨੂੰ ਨਵੇਂ ਕੱਪੜੇ ਵੰਡੇ ਗਏ ਜਿਸਦੀ ਸੁਰੂਆਤ ਐਡਵਰਡਗੰਜ ਪਬਲਿਕ ਵੈਲਫੇਅਰ ਐਸੋਸੀਏਸਨ ਦੀ ਨਵੀਂ ਬਣੀ ਚੇਅਰਪਰਸਨ ਸ੍ਰੀਮਤੀ ਸਾਰਿਕਾ ਗਰਗ ਨੇ ਕੀਤੀ। ਇਸ ਮੌਕੇ ਸ੍ਰੀਮਤੀ ਸਾਰਿਕਾ ਗਰਗ ਦੇ ਨਾਲ ਉਨ੍ਹਾਂ ਦੇ ਸਹੁਰਾ ਸਤਿਗੁਰਦੇਵ ਰਾਜ ਗਰਗ (ਪੱਪੀ) ਸਾਬਕਾ ਪ੍ਰਧਾਨ ਨਗਰ ਕੌਂਸਲ ਮਲੋਟ ਅਤੇ ਉਨ੍ਹਾਂ ਦੇ ਪਤੀ ਜੋਨੀ ਗਰਗ, ਯੂਥ ਅਗਰਵਾਲ ਸਭਾ ਦੇ ਪ੍ਰਧਾਨ ਟਿੰਕਾ ਗਰਗ ਅਤੇ ਕੇਵਲ ਕ੍ਰਿਸਨ ਛਾਬੜਾ ਮੌਜੂਦ ਸਨ। ਇਸ ਦੌਰਾਨ ਜਿੰਮੇਵਾਰ ਰਮੇਸ ਠਕਰਾਲ ਇੰਸਾਂ, ਅਮਰਜੀਤ ਸਿੰਘ ਬਿੱਟਾ ਇੰਸਾਂ, ਸੰਤਪਾਲ ਇੰਸਾਂ, ਵਿਜੈ ਤਿੰਨਾ ਇੰਸਾਂ, ਸੰਜੀਵ ਧਮੀਜਾ ਇੰਸਾਂ, ਭੰਗੀਦਾਸ ਵਿਕਾਸ ਇੰਸਾਂ, ਸੇਵਾਦਾਰ ਸੰਕਰ ਇੰਸਾਂ, ਮੋਹਿਤ ਭੋਲਾ ਇੰਸਾਂ, ਵਜੀਰ ਇੰਸਾਂ, ਸੁਨੀਲ ਜਿੰਦਲ ਇੰਸਾਂ, ਪਰਵਿੰਦਰ ਇੰਸਾਂ, ਟੀਟਾ ਸੱਚਦੇਵਾ ਇੰਸਾਂ ਨੇ ਦੱਸਿਆ ਕਿ ਪੂਜਨੀਕ ਗੁਰੂ ਜੀ ਦੀ ਸਿੱਖਿਆ ਅਨੁਸਾਰ ਸਾਧ ਸੰਗਤ ਮਾਨਵਤਾ ਭਲਾਈ ਕਾਰਜਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਕਰ ਰਹੀ ਹੈ। ਜਿਸਦੇ ਤਹਿਤ ਅੱਜ 107 ਲੋੜਵੰਦ ਬੱਚਿਆਂ ਨੂੰ ਨਵੇਂ ਕੱਪੜੇ ਵੰਡੇ ਗਏ ਹਨ।